ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 18 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੩ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਸਰਹੱਦੀ ਇਲਾਕੇ ’ਚ ਘੁਸਪੈਠੀਆ ਕੀਤਾ ਢੇਰ, ਰੋਕਣ ਦਾ ਬਾਵਜੂਦ ਨਹੀਂ ਰੁਕਿਆ ਤਾਂ ਮਾਰੀ ਗੋਲੀ

**ਚੰਡੀਗੜ੍ਹ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬੀਐਸਐਫ ਦੇ ਜਵਾਨਾਂ ਨੇ ਇੱਕ ਘੁਸਪੈਠੀਏ ਨੂੰ ਢੇਰ ਕਰ ਦਿੱਤਾ ਹੈ। ਦਰਅਸਲ, ਇਹ ਘੁਸਪੈਠੀਆ ਪਿੰਡ ਰਤਨ ਖੁਰਦ ਨੇੜੇ ਸਥਿਤ ਇਲਾਕੇ ਵਿੱਚ ਕੌਮਾਂਤਰੀ ਸਰਹੱਦ ਪਾਰ ਕਰਕੇ ਸਰਹੱਦੀ ਸੁਰੱਖਿਆ ਵਾੜ ਵੱਲ ਵਧ ਰਿਹਾ ਸੀ। ਅਜਿਹਾ ਕਰਕੇ ਬੀ.ਐਸ.ਐਫ ਦੇ ਜਵਾਨਾਂ ਨੇ ਅੱਤਵਾਦੀ ਸਿੰਡੀਕੇਟ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ। ਇਸ ਦੇ ਨਾਲ ਹੀ ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹਨ। 16 ਸਤੰਬਰ ਦੀ ਰਾਤ ਨੂੰ ਬੀਐਸਐਫ ਦੇ ਜਵਾਨਾਂ ਨੇ ਪਾਕਿਸਤਾਨ ਵਾਲੇ ਪਾਸਿਓਂ ਇੱਕ ਘੁਸਪੈਠੀਏ ਦੀ ਸ਼ੱਕੀ ਗਤੀਵਿਧੀ ਦੇਖੀ। ਜੋ ਕਿ ਸਰਹੱਦੀ ਪਿੰਡ ਰਤਨ ਖੁਰਦ ਦੇ ਕੋਲ ਇਲਾਕੇ ਵਿੱਚ ਅੰਤਰਰਾਸ਼ਟਰੀ ਸਰਹੱਦ ਪਾਰ ਕਰਕੇ ਸਰਹੱਦੀ ਸੁਰੱਖਿਆ ਵਾੜ ਵੱਲ ਵਧ ਰਿਹਾ ਸੀ। ਇਸ ਦੌਰਾਨ ਸਰਹੱਦ ’ਤੇ ਚੌਕਸ ਜਵਾਨਾਂ ਨੇ ਘੁਸਪੈਠੀਏ ਨੂੰ ਲਲਕਾਰਿਆ ਪਰ ਉਹ ਨਹੀਂ ਰੁਕਿਆ ਤੇ ਸਰਹੱਦੀ ਸੁਰੱਖਿਆ ਵਾੜ ਵੱਲ ਵਧਦਾ ਰਿਹਾ। ਕਿਸੇ ਵੀ ਖਤਰੇ ਨੂੰ ਮਹਿਸੂਸ ਕਰਦੇ ਹੋਏ ਅਤੇ ਰਾਤ ਦੇ ਸਮੇਂ ਸਰਹੱਦ ’ਤੇ ਹਾਈ ਅਲਰਟ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ, ਜਵਾਨਾਂ ਨੇ ਅੱਗੇ ਵਧ ਰਹੇ ਘੁਸਪੈਠੀਏ ’ਤੇ ਗੋਲੀਬਾਰੀ ਕੀਤੀ ਅਤੇ ਉਸ ਨੂੰ ਮੌਕੇ ’ਤੇ ਹੀ ਮਾਰ ਦਿੱਤਾ। ਇਸ ਤੋਂ ਕਰੀਬ ਇੱਕ ਮਹੀਨਾ ਪਹਿਲਾਂ ਸੀਮਾ ਸੁਰੱਖਿਆ ਬਲ ਨੇ ਤਰਨਤਾਰਨ ਸਰਹੱਦ ’ਤੇ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਮਾਰ ਮੁਕਾਇਆ ਸੀ। ਉਹ ਭਾਰਤੀ ਸਰਹੱਦ ਵਿੱਚ ਦਾਖ਼ਲ ਹੋ ਗਿਆ ਸੀ।

## ਮੈਂ ਥੋੜ੍ਹੀ ਦੇਰ ਲਈ ਬਣਾਂਗੀ ਮੁੱਖ ਮੰਤਰੀ

# ਕੇਜਰੀਵਾਲ ਦੇ ਅਸਤੀਫੇ ਮਗਰੋਂ ਆਤਿਸ਼ੀ ਦਾ ਵੱਡਾ ਬਿਆਨ

**ਨਵੀਂ ਦਿੱਲੀ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਰਵਿੰਦ ਕੇਜਰੀਵਾਲ ਵਲੋਂ ਅੱਜ ਸ਼ਾਮ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਕੇਜਰੀਵਾਲ ਨੇ ਆਪਣਾ ਅਸਤੀਫ਼ਾ ਉੱਪ ਰਾਜਪਾਲ ਵੀ.ਕੇ. ਸਕਸੈਨਾ ਨੂੰ ਦਿੱਤਾ ਹੈ। ਇਸ ਦੇ ਨਾਲ ਹੀ ਕੇਜਰੀਵਾਲ ਨੇ ਆਪਣੀ ਪਾਰਟੀ ਵਲੋਂ ਮੁੱਖ ਮੰਤਰੀ ਅਹੁਦੇ ਲਈ ਆਤਿਸ਼ੀ ਮਰਲੇਨਾ ਦਾ ਨਾਂ ਨਾਮਜ਼ਦ ਕਰਦੇ ਹੋਏ ਸਮਰਥਨ ਪੱਤਰ ਉੱਪ ਰਾਜਪਾਲ ਨੂੰ ਸੌਂਪ ਦਿੱਤਾ ਹੈ। ਅਹੁਦਾ ਸੰਭਾਲਦੇ ਸਾਰ ਹੀ ਆਤਿਸ਼ੀ ਦਿੱਲੀ ਦੀ ਤੀਸਰੀ ਮਹਿਲਾ ਮੁੱਖ ਮੰਤਰੀ ਹੋਵੇਗੀ। ਇਸ ਤੋਂ ਪਹਿਲਾਂ ਭਾਜਪਾ ਦੀ ਸੁਸ਼ਮਾ ਸਵਰਾਜ ਅਤੇ ਕਾਂਗਰਸ ਦੀ ਸ਼ੀਲਾ ਦੀਕਸ਼ਤ ਵੀ ਦਿੱਲੀ ਦੀ ਮੁੱਖ ਮੰਤਰੀ ਰਹਿ ਚੁੱਕੀਆਂ ਹਨ। ਕੇਜਰੀਵਾਲ ਦੇ ਅਸਤੀਫੇ ਪਿੱਛੋਂ ਆਤਿਸ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੇਜਰੀਵਾਲ ਦਾ ਅਸਤੀਫਾ ਦੁੱਖਦ ਹੈ। ਉਹਨਾਂ ਨੇ ਅਸਤੀਫਾ ਦੇ ਕੇ ਤਿਆਗ ਕੀਤਾ ਹੈ। ਅਜਿਹਾ ਕੋਈ ਵੀ ਮੁੱਖ ਮੰਤਰੀ ਨਹੀਂ ਕਰ ਸਕਦਾ ਹੈ ਅਤੇ ਨਾ ਹੀ



ਕੋਈ ਕੇਜਰੀਵਾਲ ਵਰਗਾ ਮੁੱਖ ਮੰਤਰੀ ਹੋ ਸਕਦਾ ਹੈ। ਆਤਿਸ਼ੀ ਨੇ ਕਿਹਾ ਇਹ ਇਕ ਇਤਿਹਾਸਕ ਫ਼ੈਸਲਾ ਹੈ। ਕੇਜਰੀਵਾਲ ਦੀ ਗ੍ਰਿਫ਼ਤਾਰੀ ਸਹੀ ਨਹੀਂ। ਉਹਨਾਂ ਨੇ ਭਾਜਪਾ ’ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਭਾਜਪਾ ਨੇ ਕੇਜਰੀਵਾਲ ’ਤੇ ਝੂਠੇ ਦੋਸ਼ ਲੱਗਾ ਕੇ ਜੇਲ੍ਹ ਭੇਜਿਆ ਹੈ। ਭਾਜਪਾ ਨੇ ਸਾਰੀਆਂ ਏਜੰਸੀਆਂ ਅਰਵਿੰਦ ਕੇਜਰੀਵਾਲ ਦੇ ਪਿੱਛੇ ਲੱਗਾ ਦਿੱਤੀਆਂ ਹਨ। ਆਤਿਸ਼ੀ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚ ਕੇਜਰੀਵਾਲ ਲੋਕਾਂ ਦੀ ਅਦਾਲਤ ਵਿਚ ਜਾਣਗੇ ਅਤੇ ਦਿੱਲੀ ਦੇ ਲੋਕ ਹੀ ਅਰਵਿੰਦ ਕੇਜਰੀਵਾਲ ਨੂੰ ਮੁੜ ਮੁੱਖ ਮੰਤਰੀ ਚੁਣਨਗੇ। ਉਹਨਾਂ ਨੇ ਦੱਸਿਆ ਕਿ ਮੈਂ ਮੁੱਖ ਮੰਤਰੀ ਦਾ ਇਹ ਅਹੁਦਾ ਕੁਝ ਸਮੇਂ ਲਈ ਸੰਭਾਲ ਰਹੀ ਹਾਂ। ਮੈਂ ਦਿੱਲੀ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਾਂਗੀ। ਆਤਿਸ਼ੀ ਨੇ ਇਸ ਮੌਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਹੈ। ਪਾਰਟੀ ਵਿਧਾਇਕਾਂ ਵੱਲੋਂ ਸਰਬਸੰਮਤੀ ਨਾਲ ਦਿੱਲੀ ਦੀ ਮੁੱਖ ਮੰਤਰੀ ਬਣਾਏ ਜਾਣ ਤੋਂ ਬਾਅਦ ਆਤਿਸ਼ੀ ਨੇ ਆਪਣੇ ਪਹਿਲੇ ਬਿਆਨ ਵਿਚ ਕਿਹਾ ਕਿ ਇਹ ਰਲੇ-ਮਿਲੇ ਜਜ਼ਬਾਤਾਂ ਦਾ ਪਲ ਹੈ, ਕਿਉਂਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਬਣਨ ਦੀ ਖੁਸ਼ੀ ਹੈ ਪਰ ਦੂਜੇ ਪਾਸੇ ਹਰਮਨ ਪਿਆਰੇ ਕੇਜਰੀਵਾਲ ਵਲੋਂ ਦਿੱਤੇ ਗਏ ਅਸਤੀਫ਼ੇ ’ਤੇ ਬੇਹੱਦ ਦੁੱਖ ਹੈ।

## ਜਲੰਧਰ ਨੇੜਿਓਂ ਅਗਵਾ ਕੀਤੇ ਐੱਨ. ਆਰ. ਆਈ. ਦਾ ਕਤਲ

**ਜਲੰਧਰ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਜ਼ਿਲ੍ਹੇ ਦੇ ਪਿੰਡ ਕੰਗ ਸਾਹਬੂ ਤੋਂ ਅਣਪਛਾਤੇ ਕਾਰ ਸਵਾਰਾਂ ਨੇ ਇਕ ਐੱਨ.ਆਰ.ਆਈ. ਵਿਅਕਤੀ ਨੂੰ ਅਗਵਾ ਕਰ ਲਿਆ ਸੀ। ਜਿਸ ਦੀ ਹੁਣ ਕਤਲ ਕੀਤੀ ਲਾਸ਼ ਬਰਾਮਦ ਹੋਈ ਹੈ। ਸੂਤਰਾਂ ਮੁਤਾਬਕ ਇਸ ਮਾਮਲੇ ਵਿਚ 2 ਮੁਲ਼ਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ। ਥਾਣਾ ਸਦਰ ਨਕੋਦਰ ਦੀ ਪੁਲਸ ਨੇ ਇਸ ਸੰਬੰਧੀ ਮਾਮਲਾ ਦਰਜ ਕੀਤਾ ਸੀ। ਸੂਤਰਾਂ ਅਨੁਸਾਰ ਐੱਨ.ਆਰ.ਆਈ. ਦਾ ਤੇਜ਼ਦਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ ਹੈ। ਜਿਸ ਦੀ ਲਾਸ਼ ਮੋਗਾ ਸਥਿਤ ਇਕ ਨਹਿਰ ਵਿਚੋਂ ਬਰਾਮਦ ਕੀਤੀ ਗਈ ਹੈ। ਲਾਸ਼ ਨੂੰ ਕਤਲ ਤੋਂ ਬਾਅਦ ਉਕਤ ਨਹਿਰ ਵਿਚ ਸੁੱਟਿਆ ਗਿਆ ਹੈ। ਜਲੰਧਰ ਦੇਹਾਤ ਪੁਲਸ ਦੀ ਟੀਮ ਮੋਗਾ ਵਿਚ ਲਾਸ਼ ਬਰਾਮਦਗੀ ਲਈ ਪਹੁੰਚ ਗਈ ਹੈ। ਦੱਸਣਯੋਗ ਹੈ ਕਿ 75ਸਾਲਾ ਮੋਹਿੰਦਰ ਸਿੰਘ ਐਤਵਾਰ ਸ਼ਾਮ ਆਪਣੇ ਘਰ ਤੋਂ ਕੰਗ ਸਾਹਬੂ ਲਈ ਨਿਕਲਿਆ ਸੀ। ਸ਼ਾਮ ਲਗਭਗ 6 ਵਜੇ ਜਦੋਂ ਉਹ ਜਲੰਧਰ ਨਕੋਦਰ ਹਾਈਵੇਅ ’ਤੇ ਪਿੰਡ ਕੰਗ ਸਾਹਬੂ ਕੋਲ ਪਹੁੰਚਿਆ ਤਾਂ ਦੋ ਅਣਪਛਾਤੇ ਲੋਕਾਂ ਨੇ ਆਪਣੀ ਕਾਰ (ਪੀ.ਬੀ. 08 3878)



ਵਿਚ ਮਹਿੰਦਰ ਸਿੰਘ ਨੂੰ ਅਗਵਾ ਕਰ ਲਿਆ ਅਤੇ ਉੱਥੋਂ ਫਰਾਰ ਹੋ ਗਏ। ਮਹਿੰਦਰ ਸਿੰਘ ਦਾ ਸਾਰਾ ਪਰਿਵਾਰ ਇੰਗਲੈਂਡ ਵਿਚ ਰਹਿੰਦਾ ਹੈ। ਉਹ ਕੰਗ ਸਾਹਬੂ ਵਿਚ ਇਕੱਲੇ ਹੀ ਰਹਿੰਦੇ ਸਨ। ਪੁਲਸ ਵੱਲੋਂ ਦਰਜ ਕੀਤੀ ਗਈ ਐੱਫਆਈਆਰ ਅਨੁਸਾਰ ਪਿੰਡ ਕੰਗ ਸਾਹਬੂ ਦੇ ਰਹਿਣ ਵਾਲੇ ਦਲਜੀਤ ਸਿੰਘ ਨਾਮਕ ਵਿਅਕਤੀ ਨੇ ਥਾਣੇ ’ਚ ਫ਼ੋਨ ਕਰਕੇ ਇਸ ਮਾਮਲੇ ਦੀ ਸੂਚਨਾ ਦਿੱਤੀ ਸੀ। ਉਸਦੇ ਪਿੰਡ ਦੇ ਰਹਿਣ ਵਾਲੇ ਹਰਜੀਤ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਦੇ ਮਹਿੰਦਰ ਸਿੰਘ ਨਾਮਕ ਵਿਅਕਤੀ ਦੀ ਕਾਰ ਨੂੰ ਦੋਸ਼ੀਆਂ ਨੇ ਕਾਰ ਨਾਲ ਟੱਕਰ ਮਾਰ ਦਿੱਤੀ। ਇਸ ਦੌਰਾਨ ਜਦੋਂ ਮੋਹਿੰਦਰ ਸਿੰਘ ਨੇ ਆਪਣੀ ਕਾਰ ਰੋਕੀ ਤਾਂ ਦੋ ਨੌਜਵਾਨ ਨਿਕਲੇ ਅਤੇ ਮਹਿੰਦਰ ਨੂੰ ਜ਼ਬਰਨ ਆਪਣੀ ਕਾਰ ਵਿਚ ਬਿਠਾ ਕੇ ਲੈ ਗਏ।

## ਭਾਰਤ ਨੇ ਪੰਜਵੀਂ ਵਾਰ ਜਿੱਤੀ ਚੈਂਪੀਅਨਜ਼ ਟਰਾਫੀ, ਹਾਕੀ ਫਾਈਨਲ ’ਚ ਚੀਨ ਨੂੰ ਹਰਾ ਕੇ ਇਤਿਹਾਸ ਰਚਿਆ



**ਨਵੀਂ ਦਿੱਲੀ/ਬੀਜਿੰਗ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤ ਨੇ ਫਾਈਨਲ ’ਚ ਚੀਨ ਨੂੰ 1-0 ਨਾਲ ਹਰਾ ਕੇ ਏਸ਼ੀਆਈ ਚੈਂਪੀਅਨਸ ਟਰਾਫੀ 2024 ਦਾ ਖਿਤਾਬ ਜਿੱਤ ਲਿਆ ਹੈ। ਪਹਿਲੇ ਤਿੰਨ ਕੁਆਰਟਰ ਗੋਲ ਰਹਿਤ ਰਹਿਣ ਤੋਂ ਬਾਅਦ ਟੀਮ ਇੰਡੀਆ ਨੇ ਆਖਰਕਾਰ ਚੌਥੇ ਅਤੇ ਆਖਰੀ ਕੁਆਰਟਰ ਵਿੱਚ ਸ਼ਾਨਦਾਰ ਗੋਲ ਕਰਕੇ 1-0 ਦੀ ਬੜ੍ਹਤ ਬਣਾ ਲਈ, ਜੋ ਅੰਤ ਤੱਕ ਕਾਇਮ ਰਹੀ। ਮੈਚ ਦਾ ਇਕਲੌਤਾ ਗੋਲ ਭਾਰਤ ਦੇ ਜੁਗਰਾਜ ਨੇ ਕੀਤਾ। ਇਤਿਹਾਸ ਵਿੱਚ ਇਹ ਪੰਜਵੀਂ ਵਾਰ ਹੈ ਜਦੋਂ ਭਾਰਤ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ ਹੈ। ਭਾਰਤ ਵੱਲੋਂ ਮੈਚ ਦਾ ਇੱਕੋ ਇੱਕ ਗੋਲ 51ਵੇਂ ਮਿੰਟ ਵਿੱਚ ਹੋਇਆ, ਜਿੱਥੇ ਭਾਰਤੀ ਕਪਤਾਨ ਹਰਮਨਪ੍ਰੀਤ ਸਿੰਘ ਨੇ ਜੁਗਰਾਜ ਨੂੰ ਪਾਸ ਕੀਤਾ ਅਤੇ ਉਸ ਨੇ ਗੇਂਦ ਨੂੰ ਗੋਲ ਪੋਸਟ ਵਿੱਚ ਧੱਕ ਕੇ ਸ਼ਾਨਦਾਰ ਗੋਲ ਕੀਤਾ। ਆਖਰੀ ਪਲਾਂ ’ਚ ਚੀਨ ਦੇ ਖਿਡਾਰੀਆਂ ਨੇ ਕਾਫੀ ਦੇਰ ਤੱਕ ਗੇਂਦ ’ਤੇ ਕਬਜ਼ਾ ਬਣਾਈ ਰੱਖਿਆ ਪਰ ਭਾਰਤ ਦਾ ਡਿਫੈਂਸ ਵੀ ਸ਼ਾਨਦਾਰ ਰਿਹਾ। ਏਸ਼ੀਅਨ ਚੈਂਪੀਅਨਜ਼ ਟਰਾਫੀ 2011 ਵਿੱਚ ਸ਼ੁਰੂ ਹੋਈ ਸੀ, ਜਿੱਥੇ ਭਾਰਤ ਨੇ ਫਾਈਨਲ ਵਿੱਚ ਪਾਕਿਸਤਾਨ ਨੂੰ ਪੈਨਲਟੀ ਸ਼ੂਟਆਊਟ ਵਿੱਚ 4-2 ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ। ਇਸ ਤੋਂ ਬਾਅਦ 2016 ’ਚ ਭਾਰਤ ਨੇ ਇਕ ਵਾਰ ਫਿਰ ਪਾਕਿਸਤਾਨ ਨੂੰ 3-2 ਨਾਲ ਹਰਾ ਕੇ ਚੈਂਪੀਅਨਸ ਟਰਾਫੀ ਜਿੱਤੀ। 2018 ਵਿੱਚ, ਭਾਰਤ ਅਤੇ ਪਾਕਿਸਤਾਨ ਨੂੰ ਸੰਯੁਕਤ ਜੇਤੂ ਘੋਸ਼ਿਤ ਕੀਤਾ ਗਿਆ ਸੀ। 2023 ’ਚ ਹੋਈ ਚੈਂਪੀਅਨਸ ਟਰਾਫੀ ਦੇ ਫਾਈਨਲ ’ਚ ਭਾਰਤ ਨੇ ਮਲੇਸ਼ੀਆ ਨੂੰ 4-3 ਨਾਲ ਹਰਾ ਕੇ ਚੌਥੀ ਵਾਰ ਇਹ ਟਰਾਫੀ ਜਿੱਤੀ ਸੀ।

## ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ ਪੰਜਾਬ ਸਰਕਾਰ ਨੂੰ ਪੁੱਠਾ ਗੇੜਾ ਦੇਵੇਗੀ : ਮਨਜੀਤ ਸਿੰਘ ਭੋਮਾ

**ਨਵੀਂ ਦਿੱਲੀ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਨੇ ਇੱਕ ਪ੍ਰੈਸ ਬਿਆਨ ਰਾਹੀਂ ਸ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਮਾਲੀ ਦੀ ਗ੍ਰਿਫਤਾਰੀ ਸ ਜਸਵੰਤ ਸਿੰਘ ਖਾਲੜਾ ਦੀ ਗ੍ਰਿਫਤਾਰੀ ਵਾਂਗ ਪੰਜਾਬ ਨੂੰ ਇੱਕ ਨਵੇਂ ਸੰਘਰਸ਼ ਦੇ ਰਾਹ ਪਾਵੇਗੀ। ਉਹਨਾਂ ਕਿਹਾ ਮਾਲੀ ਦੀ ਗ੍ਰਿਫਤਾਰੀ ਜ਼ਬਰ ਜ਼ੁਲਮ ਦੀ ਇੰਤਹਾਂ ਹੈ। ਉਹਨਾਂ ਮਾਲੀ ਦਾ ਕਸੂਰ ਸਿਰਫ਼ ਇਹ ਹੈ ਕਿ ਉਹ ਪੰਜਾਬ ਦੇ ਹੱਕਾਂ ਨਿਧੜਕ ਹੋ ਕੇ ਬੇਖੌਫ਼ ਬੋਲਦਾ ਹੈ। ਇਸ ਤਰ੍ਹਾਂ ਦੀ ਬੋਲੀ ਅਪੋਜ਼ੀਸ਼ਨ ਵਿਚ ਭਗਵੰਤ ਮਾਨ ਵੀ ਬੋਲਦਾ ਰਿਹਾ ਹੈ। ਉਹਨਾਂ ਕਿਹਾ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਸਾਬਕਾ ਮੁੱਖ ਮੰਤਰੀ ਸ ਬੇਅੰਤ ਸਿੰਘ ਦੇ ਰਾਹ ਤੁਰ ਪਿਆ ਹੈ। ਉਹਨਾਂ ਕਿਹਾ ਪੰਜਾਬ ਸਰਕਾਰ ਨੇ ਪਹਿਲੀਆਂ ਸਰਕਾਰਾਂ ਵਾਂਗ ਬਰਗਾੜੀ ਤੇ ਬਹਿਬਲਕਲਾਂ ਗੋਲੀ ਕਾਂਡ ਦਾ ਕੋਈ ਇਨਸਾਫ ਨਹੀਂ ਦਿੱਤਾ। ਇਥੋਂ ਤੱਕ ਕਿ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਨਕੋਦਰ ਗੋਲੀ ਕਾਂਡ ਦਾ ਕੋਈ ਇਨਸਾਫ ਨਹੀਂ ਦਿੱਤਾ। ਮੁੱਖ ਮੰਤਰੀ ਪੰਥਕ ਧਿਰਾਂ ਨਾਲ਼ ਮੁਲਾਕਾਤ ਤੋਂ ਦੋ ਵਾਰੀ ਸਮਾਂ ਦੇ ਕੇ ਭੱਜ ਗਿਆ। ਦੂਜੇ ਪਾਸੇ ਪੰਜਾਬ ਸਰਕਾਰ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਤਾਂ ਕੀ ਰਿਹਾਅ ਕਰਨਾ ਸੀ ਸਗੋਂ ਪੰਜਾਬ ਦੇ ਹੱਕਾਂ ਦੀ ਨਿਧੜਕ ਹੋ ਕੇ ਅਵਾਜ਼ ਬੁਲੰਦ ਕਰਨ ਵਾਲੇ ਮਾਲਵਿੰਦਰ ਸਿੰਘ ਮਾਲੀ ਦੀ ਜ਼ਬਾਨ ਬੰਦ ਕਰਵਾਉਣ ਲਈ ਉਸਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਕਿਹਾ ਮਾਲੀ ਦੀ ਗ੍ਰਿਫਤਾਰੀ ਪੰਜਾਬ ਸਰਕਾਰ ਨੂੰ ਪੁੱਠਾ ਗੇੜਾ ਦੇ ਦੇਵੇਗੀ। ਉਹਨਾਂ ਕਿਹਾ ਪੰਜਾਬ ਇੱਕ ਵਾਰ ਫਿਰ ਸ਼ਾਂਤਮਈ ਸੰਘਰਸ਼ ਦੇ ਰਾਹ ਪਵੇਗਾ ਤੇ ਮਾਲੀ ਪੰਜਾਬ ਦਾ ਨਾਇਕ ਬਣਕੇ ਰਿਹਾਅ ਹੋਵੇਗਾ। ਪੰਜਾਬ ਸਰਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਜ਼ਿਆਦਾ ਸਮਾਂ ਜੇਲ ਵਿੱਚ ਨਹੀਂ ਰੱਖ ਸਕੇਗੀ। ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੀ ਗਲਤੀ ਸੁਧਾਰ ਕੇ ਮਾਲੀ ਨੂੰ ਤੁਰੰਤ ਰਿਹਾਅ ਕਰੇ।





ਆਵਾਜ਼ਿ ਕੌਮ
AWAZE QAUM
International Newspaper & WEB TV

## ਫਰਾਂਸ ਦੇ ਰਾਸ਼ਟਰਪਤੀ ਨੂੰ ਸੱਤਾ ਤੋਂ ਹਟਾਉਣ ਦੀ ਤਿਆਰੀ! ਸੰਸਦ ’ਚ ਹੋਵੇਗਾ ਮਹਾਦੋਸ਼ ਪ੍ਰਸਤਾਵ ’ਤੇ ਵਿਚਾਰ

**ਪੈਰਿਸ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਫਰਾਂਸ ’ਚ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਸੱਤਾ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਫਰਾਂਸ ਦੀ ਨੈਸ਼ਨਲ ਅਸੈਂਬਲੀ ਦੇ ਹੇਠਲੇ ਸਦਨ ਵਿੱਚ ਮੈਕਰੋਨ ਵਿਰੁੱਧ ਮਹਾਦੋਸ਼ ਦੇ ਪ੍ਰਸਤਾਵ ’ਤੇ ਵਿਚਾਰ ਕੀਤਾ ਜਾਵੇਗਾ। ਇਹ ਪ੍ਰਸਤਾਵ ਮੰਗਲਵਾਰ ਨੂੰ ਖੱਬੇਪੱਖੀ ਪਾਰਟੀ ’ਲਾ ਫਰਾਂਸ ਇਨਸੋਮਿਸ’ (ਐੱਲਐੱਫਆਈ) ਨੇ ਪੇਸ਼ ਕੀਤਾ। ਜੁਲਾਈ ਵਿਚ ਹੋਈਆਂ ਸੰਸਦੀ ਚੋਣਾਂ ਵਿਚ ਜਿੱਤ ਦੇ ਬਾਵਜੂਦ ਮੈਕਰੋਨ ਨੇ ਸਰਕਾਰ ਵਿਚ ਖੱਬੇਪੱਖੀ ਪਾਰਟੀਆਂ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਇਹ ਪ੍ਰਸਤਾਵ ਸੰਵਿਧਾਨ ਦੀ ਧਾਰਾ



68 ਤਹਿਤ ਲਿਆਂਦਾ ਗਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜੇਕਰ ਰਾਸ਼ਟਰਪਤੀ ਆਪਣੇ ਫਰਜ਼ਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਪ੍ਰਸਤਾਵ ਨੂੰ 81 ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ, ਜਿਨ੍ਹਾਂ ਵਿੱਚੋਂ 72 ਐੱਲਐੱਫਆਈ ਦੇ ਸੰਸਦ ਮੈਂਬਰ ਹਨ ਅਤੇ ਕੁਝ ਹੋਰ ਖੱਬੇ ਪੱਖੀ ਪਾਰਟੀਆਂ ਦੇ ਹਨ। ਇਹ ਪ੍ਰਸਤਾਵ ਵਿਧਾਨ ਸਭਾ ਦੀ 22 ਮੈਂਬਰੀ ਕਾਰਜਕਾਰਨੀ ਦੇ ਸਾਹਮਣੇ ਰੱਖਿਆ ਗਿਆ ਸੀ, ਜਿੱਥੇ ਖੱਬੇਪੱਖੀ ਪਾਰਟੀਆਂ ਦਾ ਬਹੁਮਤ ਹੈ। ਹਾਲਾਂਕਿ ਸੋਸ਼ਿਲਸਟ ਪਾਰਟੀ ਨੇ ਇਸ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਸਾਬਕਾ ਰਾਸ਼ਟਰਪਤੀ ਫਰਾਂਸਵਾ ਓਲਾਂਦ ਸਮੇਤ ਕਈ ਪ੍ਰਮੁੱਖ ਸਿਆਸਤਦਾਨਾਂ ਨੇ ਵੀ ਇਸ ਦਾ ਵਿਰੋਧ ਕੀਤਾ ਹੈ। ਜੇਕਰ ਪ੍ਰਸਤਾਵ ਸਫਲ ਹੁੰਦਾ ਹੈ ਤਾਂ ਇਸਨੂੰ ਸੰਸਦ ਦੇ ਦੋਵਾਂ ਸਦਨਾਂ (ਅਸੈਂਬਲੀ ਅਤੇ ਸੈਨੇਟ) ਦੁਆਰਾ ਦੋ ਤਿਹਾਈ ਬਹੁਮਤ ਨਾਲ ਪਾਸ ਕਰਨਾ ਹੋਵੇਗਾ। ਜੇਕਰ ਇਹ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ ਤਾਂ ਰਾਸ਼ਟਰਪਤੀ ਮੈਕਰੋਨ ਨੂੰ ਤੁਰੰਤ ਅਸਤੀਫਾ ਦੇਣਾ ਪਵੇਗਾ। ਪਰ ਅਜਿਹਾ ਹੋਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਖੱਬੀਆਂ ਪਾਰਟੀਆਂ ਕੋਲ ਲੋੜੀਂਦਾ ਬਹੁਮਤ ਨਹੀਂ ਹੈ। ਇਸ ਤੋਂ ਇਲਾਵਾ, ਕੇਂਦਰੀ-ਸੱਜੇ ਨੇਤਾ ਮਿਸ਼ੇਲ ਬਾਰਨੀਅਰ ਨੂੰ ਪ੍ਰਧਾਨ ਮੰਤਰੀ ਵਜੋਂ ਨਿਯੁਕਤ ਕਰਨ ਦੇ ਮੈਕਰੋਨ ਦੇ ਫੈਸਲੇ ਕਾਰਨ 7 ਸਤੰਬਰ ਨੂੰ ਦੇਸ਼ ਭਰ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨ ਹੋਇਆ। ਪ੍ਰਦਰਸ਼ਨਕਾਰੀਆਂ ਨੇ ਮੈਕਰੋਨ ’ਤੇ ਚੋਣ ਨਤੀਜਿਆਂ ਦੀ ਅਣਦੇਖੀ ਕਰਨ ਦਾ ਦੋਸ਼ ਲਗਾਇਆ। 1 ਅਕਤੂਬਰ ਨੂੰ ਹੋਰ ਵੱਡੇ ਪ੍ਰਦਰਸ਼ਨਾਂ ਅਤੇ ਹੜਤਾਲਾਂ ਦੀ ਸੰਭਾਵਨਾ ਹੈ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਨਾਮ ਜਪੋ ਕਿਰਤ ਕਰੋ ਵੰਡ ਛੱਕੋ — Naam Japo Kirat Karo Vand Shako

ਦਮਦਮੀ ਟਕਸਾਲ — ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

**Enjoy Real Taste of PUNJAB**

KD

**FULLY A.C. HALL**

# Khehra VAISHNO DHABA

**BREAKFAST LUNCH DINNER**

**OUR SPECIALIZATION : Au Important Ingredients used to Prepare Dishes are Grown in our own farmes.**

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

**V.P.O. Mallian**
**Jalandhar-Amritsar G.T. Road**
**NEAR JANDIALA GURU**
**Contact**
**98610-00057, 99152-32757**



**We Accept Online & Card Payment**



# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

Love Maa Boli Punjabi

www.damdamitaksal.net

ਮੁਕਤਾ — ਾ ਕੰਨਾ — ਿ ਸਿਹਾਰੀ — ੀ ਬਿਹਾਰੀ
ੁ ਔਂਕੜ — ੂ ਦੁਲੈਂਕੜ — ੇ ਲਾਂ — ੈ ਦੁਲਾਵਾਂ
ੋ ਹੋੜਾ — ੌ ਕਨੌੜਾ — ੰ ਟਿੱਪੀ — ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI




*ਸਾਬਤ ਸੂਰਤਿ ਦਸਤਾਰ ਸਿਰਾ*

**ਦਸਤਾਰਾਂ ਹੀ ਦਸਤਾਰਾਂ**



**ਰੰਧਾਵਾ ਪਗੜੀ ਸੈਂਟਰ**



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

**ASA Gas Heating Solution Ltd.**

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER — WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE


Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07715 1-28621

# .ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਸੰਘਰਸ਼ਮਈ ਦਾਸਤਾਨ


## 18 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼

**ਅਸੀਂ** ਸਾਰੇ ਇਸ ਗੱਲ ਤੋਂ ਭਲੀ ਭਾਂਤ ਜਾਣਦੇ ਹਾਂ ਕਿ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਨਿਜਾਤ ਦਿਵਾਉਣ ਲਈ ਅਨੇਕਾਂ ਸਿੱਖ ਅਣਖੀ ਯੋਧਿਆਂ ਨੇ ਆਪਣੀ ਚੜ੍ਹਦੀ ਉਮਰ ਦੇ ਬੇਸ਼ਕੀਮਤੀ ਵਰ੍ਹੇ ਦੇਸ਼ ਅਤੇ ਵਿਦੇਸ਼ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬਤੀਤ ਕੀਤੇ। ਅਜਿਹੇ ਸੂਰਬੀਰ ਯੋਧਿਆਂ ਵਿੱਚੋਂ ਪੰਜਾਬ ਦੀ ਧਰਤੀ ਦੇ ਮਹਾਨ ਸਪੁੱਤਰ

-ਭਗਵਾਨ ਸਿੰਘ ਜੌਹਲ
bhagwansinghjohal@gmail.com



ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਅੱਜ ਵੀ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਸ ਅਣਖੀਲੇ ਨੌਜਵਾਨ ਦਾ ਜਨਮ ਮਾਰਚ 1882 ਈ: ਵਿੱਚ ਪਿਤਾ ਸ. ਗੁਰਦਿੱਤ ਸਿੰਘ ਦੇ ਗ੍ਰਹਿ ਵਿਖੇ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੋਧ ਸਿੰਘ ਵਿਖੇ ਹੋਇਆ। ਪਿਤਾ ਜੀ ਕਿਸਾਨੀ ਦਾ ਧੰਦਾ ਕਰਦੇ ਸਨ। ਬਾਬਾ ਹਰਨਾਮ ਸਿੰਘ ਨੇ ਮੁੱਢਲੀ ਸਿੱਖਿਆ ਉਸ ਸਮੇਂ ਪਰੰਪਰਾ ਮੁਤਾਬਿਕ ਪਿੰਡ ਦੀ ਧਰਮਸ਼ਾਲਾ ਤੋਂ ਹੀ ਪ੍ਰਾਪਤ ਕੀਤੀ। ਜਵਾਨੀ ਵਿੱਚ ਪੈਰ ਧਰਦਿਆਂ ਹੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਘਰ ਦੇ ਗੁਜ਼ਾਰੇ ਲਈ ਜਵਾਨਾਂ ਨੂੰ ਫੌਜ ਤੋਂ ਬਿਨਾਂ ਕੋਈ ਹੋਰ ਕਮਕਾਰ ਵੀ ਨਹੀਂ ਸੀ। ਥੋੜਾ ਸਮਾਂ ਫੌਜ ਦੀ ਨੌਕਰੀ ਵਿਚ ਸੇਵਾ ਨਿਭਾਉਣ ਤੋਂ ਪਿੱਛੋਂ ਆਪ 24 ਕੁ ਸਾਲ ਦੀ ਉਮਰ ਵਿਚ 12 ਜੁਲਾਈ 1906 ਈ: ਨੂੰ ਕੈਨੇਡਾ ਚਲੇ ਗਏ। ਤਿੰਨ ਕੁ ਸਾਲ ਕੈਨੇਡਾ ਵਿਚ ਸਖਤ ਮਿਹਨਤ ਕੀਤੀ।ਉਥੋਂ 1909 ਈ: ਵਿੱਚ ਅਮਰੀਕਾ ਦੇ ਸੂਬਾ ਕੈਲੇਫੋਰਨੀਆ ਚਲੇ ਗਏ।ਤਿੰਨ ਸਾਲ ਅਮਰੀਕਾ ਵਿੱਚ ਰਹਿੰਦਿਆਂ ਆਪਣੇ ਦੇਸ਼ ਵਾਸੀਆਂ ਦੀ ਤੰਗੀ-ਤੁਰਸ਼ੀ ਅਤੇ ਗੁਲਾਮੀ ਵਾਲੀ ਜ਼ਿੰਦਗੀ ਦੇ ਦਿਨਾਂ ਨੂੰ ਯਾਦ ਕਰਦਿਆਂ 1912 ਈ: ਵਿੱਚ ਦੇਸ਼-ਵਾਸੀਆਂ ਦੇ ਗਲੋਂ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਪੋਰਟਲੈਂਡ ਵਿਚ ਬਾਕੀ ਪ੍ਰਵਾਸੀ ਹਿੰਦੁਸਤਾਨੀਆਂ ਨਾਲ ਰਲ ਮਿਲ ਕੇ ਗਦਰ ਪਾਰਟੀ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ। ਇਹ ਫੈਸਲਾ ਇਨ੍ਹਾਂ ਦਾ ਹੀ ਸੀ ਕਿ ਗਦਰ ਨਾਂਅ ਦਾ ਹਫ਼ਤਾਵਾਰੀ ਅਖਬਾਰ ਉਰਦੂ, ਪੰਜਾਬੀ ਅਤੇ ਹਿੰਦੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ ਗ.ਦਰ ਸ. ਅਖਬਾਰ ਦੇ ਸੰਪਾਦਕੀ ਬੋਰਡ ਨਾਲ ਹਰਨਾਮ ਸਿੰਘ ਦਾ ਸਬੰਧ ਵੀ ਸੀ। ਇਨ੍ਹਾਂ ਸਰਗਰਮੀਆਂ ਅਧੀਨ ਜਦੋਂ 5 ਜੁਲਾਈ 1914 ਈ: ਨੂੰ ਹਰਨਾਮ ਸਿੰਘ ਵਰਗਾ ਅਣਖੀਲਾ ਗੱਭਰੂ ਬੰਬ ਬਣਾ ਰਿਹਾ ਸੀ ਤਾਂ ਇਸ ਬੰਬ ਨੂੰ ਬਨਾਉਣ ਸਮੇਂ ਇਸ ਬੰਬ ਦੇ ਫਟਣ ਨਾਲ ਉਸ ਦਾ ਖੱਬਾ ਹੱਥ ਉਂਡ ਗਿਆ। ਇਸ ਜ਼ਖਮ ਦੇ ਕਾਰਨ ਹੀ ਉਸ ਦੀ ਖੱਬੀ ਬਾਂਹ ਗੁੱਟ ਦੇ ਉੱਪਰੋਂ ਕੱਟਣੀ ਪਈ। ਇਸ ਤੋਂ ਪਿੱਛੋਂ ਉਸ ਦੇ ਨਾਂਅ ਦੇ ਨਾਲ ਟੁੰਡੀਲਾਟ ਪਿਛੇਤਰ ਪੱਕੇ ਤੋਰ ਤੇ ਜੁੜ ਗਿਆ।ਅਸਲ ਵਿੱਚ ਟੁੰਡੀਲਾਟ ਪੰਜਾਬੀਆਂ ਦੇ ਜ਼ਿਹਨ ਵਿਚ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਜੋ ਸ਼ੇਰ- ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਪਿੱਛੋਂ (1844 ਤੋਂ 1848) ਪੰਜਾਬੀਆਂ ਨੂੰ ਦਿੱਤੇ ਤਸੀਹਿਆਂ ਕਾਰਨ ਜੁੜਿਆ ਹੋਇਆ ਸੀ, ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਕੀਤਾ ਮਿਲਦਾ ਹੈ। ਇਸ ਗਵਰਨਰ ਜਰਨਲ ਦੀ ਬਾਂਹ ਨੈਪੋਲੀਅਨ ਨਾਲ ਯੁੱਧ ਸਮੇਂ ਕੱਟੀ ਗਈ ਸੀ, ਜਿਸ ਨੂੰ ਪੰਜਾਬੀ ਟੁੰਡੀਲਾਟ ਕਰਕੇ ਹੁਣ ਤੱਕ ਯਾਦ ਕਰਦੇ ਹਨ। 25 ਜੁਲਾਈ, 1914 ਨੂੰ ਜਦੋਂ ਪਹਿਲਾ ਸੰਸਾਰ ਯੁੱਧ ਆਰੰਭ ਹੋ ਗਿਆ, ਗ.ਦਰ ਪਾਰਟੀ ਦੇ ਸਾਰੇ ਅਣਖੀ ਯੋਧਿਆਂ ਨੂੰ ਵਾਪਸ ਆਪਣੇ ਦੇਸ਼ ਹਿੰਦੁਸਤਾਨ ਪਹੁੰਚਣ ਲਈ ਹੁਕਮ ਜਾਰੀ ਹੋ ਗਏ। ਗਦਰੀ ਬਾਬਾ ਹਰਨਾਮ ਸਿੰਘ 24 ਦਸੰਬਰ, 1914 ਨੂੰ ਵਾਪਸ ਪੰਜਾਬ ਪਰਤ ਆਇਆ। ਇਨ੍ਹਾਂ ਪੰਜਾਬ ਪਹੁੰਚਦਿਆਂ ਹੀ ਰਮਤੇ ਸਾਧੂ ਦੇ ਰੂਪ ਵਿੱਚ ਹਰ ਪਿੰਡ ਅਤੇ ਸ਼ਹਿਰ ਵਿਚ ਗਦਰ ਪਾਰਟੀ ਦੇ ਪ੍ਰਚਾਰ ਲਈ ਅਲਖ ਜਗਾਈ। ਇਸ ਪ੍ਰਚਾਰ ਲਈ ਉਨ੍ਹਾਂ ਵਿਸ਼ੇਸ਼ ਕਰਕੇ ਦੁਆਬਾ ਖੇਤਰ ਦੇ ਲੋਕਾਂ ਨੂੰ ਜਾਗ੍ਰਿਤ ਕੀਤਾ। ਇਸ ਤੋਂ ਇਲਾਵਾ ਬਾਬਾ ਹਰਨਾਮ ਸਿੰਘ ਨੇ ਲਹਿੰਦੇ ਪੰਜਾਬ ਦੇ ਰਾਵਲਪਿੰਡੀ, ਨੋਸ਼ਹਿਰਾ, ਪਿਸ਼ਾਵਰ ਅਤੇ ਪੰਤੂ ਛਾਉਣੀਆਂ ਵਿੱਚ ਤਾਇਨਾਤ ਨੋਕਰੀ ਕਰ ਰਹੇ ਫੋਜੀਆਂ ਨਾਲ ਸੰਪਰਕ ਬਣਾ ਲਿਆ, ਤਾਂ ਜੋ ਬਗਾਵਤ ਦਾ ਝੰਡਾ ਬੁਲੰਦ ਕੀਤਾ ਜਾ ਸਕੇ। ਜਦੋਂ ਪੰਜਾਬ ਅਤੇ ਦੇਸ਼ ਦੀ ਅੰਗ੍ਰੇਜ਼ ਹਕੂਮਤ ਦੇ ਸੂਹੀਆ ਤੰਤਰ ਨੂੰ ਇਸ ਗੱਲ ਦੀ ਸੂਹ ਲੱਗੀ ਤਾਂ ਬਾਬਾ ਹਰਨਾਮ ਸਿੰਘ ਨੇ ਦੇਸ਼ ਦੀ ਸਰਹੱਦ ਨੂੰ ਟੱਪ ਕੇ ਅਫਗਾਨਿਸਤਾਨ ਵੱਲ ਜਾਣ ਵਿੱਚ ਸਫ਼ਲ ਹੋ ਗਿਆ। ਜਦੋਂ ਉਸ ਨੂੰ ਉਸ ਦੇਸ਼ ਵਿੱਚੋਂ ਕੋਈ ਸਹਾਇਤਾ ਆਦਿ ਦਾ ਹੁੰਗਾਰਾ ਨਾ ਮਿਲਿਆ ਤਾਂ ਆਪ 2 ਮਾਰਚ, 1915 ਈ: ਨੂੰ ਸ਼ਾਹਪੁਰ (ਸਰਗੋਧਾ) (ਲਹਿੰਦੇ ਪੰਜਾਬ) ਦੇ ਚੱਕ ਨੰਬਰ 5 ਵਿਖੇ ਕਿਸੇ ਜਾਣਕਾਰ ਦੇ ਘਰ ਵਿਚ ਕਿਸੇ ਹੋਰ ਗ.ਦਰ ਪਾਰਟੀ ਦੇ ਸਰਗਰਮ ਸਾਥੀਆਂ ਨਾਲ ਠਹਿਰੇ ਹੋਏ ਸਨ ਤਾਂ ਸੂਹੀਏ ਤੰਤਰ ਦੀ ਖ਼ਬਰ ਨਾਲ ਸਾਰੇ ਸਾਥੀਆਂ ਸਮੇਤ ਬਾਬਾ ਹਰਨਾਮ ਸਿੰਘ ਫੜੇ ਗਏ।ਇਸ ਤੋਂ ਪਿੱਛੋਂ 13 ਦਸੰਬਰ, 1915 ਈ: ਲਾਹੌਰ ਸਾਜਿਸ਼ ਕੇਸ ਅਧੀਨ ਬਾਬਾ ਹਰਨਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਾਬਾ ਹਰਨਾਮ ਸਿੰਘ ਬਾਕੀ ਸਾਥੀਆਂ ਸਮੇਤ ਲਗਪਗ 30 ਸਾਲ ਅੰਡਮਾਨ, ਮਦਰਾਸ, ਪੂਨਾ, ਮੁੰਬਈ, ਮਿੰਟਗੁਮਰੀ ਆਦਿ ਬਹੁਤ ਸਾਰੀਆਂ ਜੇਲ੍ਹਾਂ ਵਿੱਚ ਤੰਗੀਆਂ-ਤੁਰਸ਼ੀਆਂ ਤੇ ਤਸੀਹੇ ਕੱਟ ਕੇ ਦੇਸ਼ ਦੀ ਅਜ਼ਾਦੀ ਤੇ ਪੰਜਾਬ ਬਟਵਾਰੇ ਤੋਂ ਪਹਿਲਾਂ 1945 ਈ: ਨੂੰ ਜੇਲ੍ਹ ਤੋਂ ਬਾਹਰ ਆਏ। ਇਹ ਅਣਖੀ ਯੋਧਾ 80 ਸਾਲ ਦੀ ਉਮਰ ਭੋਗ ਕੇ 18 ਸਤੰਬਰ, 1962 ਈ: ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਅੱਜ ਜਦੋਂ ਮੁੜ ਪੰਜਾਬ ਆਪਣੀ ਹੋਂਦ ਲਈ ਤਰਲੋ ਮੱਛੀ ਹੋ ਰਿਹਾ ਹੈ, ਉਸ ਸਮੇਂ ਇਸ ਸਮੇਂ ਆਪਣੇ ਇਸ ਅਣਖੀਲੇ ਸੂਰਬੀਰ ਨੂੰ ਵੀ ਯਾਦ ਕਰ ਰਿਹਾ ਹੈ। ••



.ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ



ਡੇਰਾ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਅਸਥਾਨ 'ਤੇ 'ਸਾਚਾ ਗੁਰੂ ਲਾਧੋ ਰੇ' ਸੰਬੰਧੀ ਕਰਵਾਏ ਗਏ ਧਾਰਮਿਕ ਸਮਾਗਮ ਦੇ ਵੱਖ-ਵੱਖ ਦ੍ਰਿਸ਼।

# ਬੇਗੋਵਾਲ 'ਚ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ 'ਚ 'ਸਾਚਾ ਗੁਰ ਲਾਧੋ ਰੇ ਦਿਵਸ' ਸੰਬੰਧੀ ਸਮਾਗਮ

**ਬੇਗੋਵਾਲ • ਆਵਾਜ਼ਿ ਕੌਮ ਬਿਊਰੋ**

ਡੇਰਾ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਅਸਥਾਨ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਯੂ.ਐਸ.ਏ., ਬੇਗੋਵਾਲ ਵੈੱਲਫੇਅਰ ਸੋਸਾਇਟੀ ਯੂ.ਐਸ.ਏ. ਅਤੇ ਟਾਹਲੀ- ਬੱਲ੍ਹਾ ਵੈੱਲਫੇਅਰ ਸੁਸਾਇਟੀ ਯੂ.ਐਸ.ਏ. ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਨੂੰ ਸਮਰਪਿਤ ਦੂਸਰਾ ਗੁਰਮਤਿ ਸਮਾਗਮ 'ਸਾਚਾ ਗੁਰੂ ਲਾਧੋ ਰੇ' ਅੱਜ ਵਿਖੇ ਕਰਵਾਇਆ ਗਿਆ। ਜਿਸ 'ਚ ਪੰਥ ਪ੍ਰਸਿੱਧ ਰਾਗੀ ਢਾਡੀ ਕਥਾ ਵਾਚਕਾਂ ਨੇ ਕਥਾ ਕੀਰਤਨ ਰਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਇਸ ਸੰਬੰਧੀ ਕਰਵਾਏ ਸਮਾਗਮ 'ਚ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗੁਰਮੁਖ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸੰਤ ਪ੍ਰੇਮ ਸਿੰਘ, ਭਾਈ ਪ੍ਰਦੀਪ ਸਿੰਘ ਕਥਾ ਵਾਚਕ ਜਲੰਧਰ, ਭਾਈ ਜਸਪਾਲ ਸਿੰਘ ਹੈੱਡ ਗ੍ਰੰਥੀ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਅਤੇ ਗਿਆਨੀ ਜਤਿੰਦਰ ਸਿੰਘ ਨੂਰਪੁਰੀ ਢਾਡੀ ਜਥਾ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਸਮਾਗਮਾਂ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਐਨ.ਆਰ.ਆਈ. ਵੀਰਾਂ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਏ ਜਾਣ ਦੀ ਸ਼ਲਾਘਾ ਕੀਤੀ। ਇਸ ਮੌਕੇ ਸਿੱਖ ਹਿਸਟੋਰੀਅਨ ਗਗਨਦੀਪ ਸਿੰਘ ਨੇ ਸਿੱਖ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਉੱਘੇ ਵਿਦਵਾਨ ਭਗਵਾਨ ਸਿੰਘ ਜੌਹਲ ਅਤੇ ਬੱਬੂ ਸਿੰਘ ਟਾਹਲੀ ਨੇ ਨਿਭਾਈ। ਸਮਾਗਮ ਦੌਰਾਨ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਪ੍ਰਬੰਧਕਾਂ 'ਚ ਦਲਵੀਰ ਸਿੰਘ ਪ੍ਰਧਾਨ, ਰਘਬੀਰ ਸਿੰਘ ਸਾਬਕਾ ਪ੍ਰਧਾਨ, ਅਮਰੀਕ ਸਿੰਘ ਮੋਰਥਲੀ, ਗਰੀਬ ਸਿੰਘ ਕਾਲੀ, ਸੁਰਜੀਤ ਸਿੰਘ ਐਨ.ਆਰ.ਆਈ., ਸਤਨਾਮ ਸਿੰਘ ਟਾਹਲੀ, ਗੁਰਨਾਮ ਸਿੰਘ ਟਾਹਲੀ ਤੇ ਦਵਿੰਦਰ ਸਿੰਘ ਇਟਲੀ ਤੋਂ ਇਲਾਵਾ ਬੇਗੋਵਾਲ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਲਾਡੀ, ਪ੍ਰੋਫੈਸਰ ਜਸਵੰਤ ਸਿੰਘ ਮੁਰੱਬੀਆ, ਕੈਪਟਨ ਬਲਕਾਰ ਸਿੰਘ, ਹੈੱਡਮਾਸਟਰ ਫੁੰਮਣ ਸਿੰਘ, ਜਸਵੰਤ ਸਿੰਘ ਭਦਾਸ, ਹਰਜਿੰਦਰ ਸਿੰਘ ਮੁਲਤਾਨੀ ਤੇ ਜਗਜੀਤ ਸਿੰਘ ਖਾਸਰੀਆ ਆਦਿ ਹਾਜ਼ਰ ਸਨ।

### ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ ਸੰਗਰੂਰ ਦੀ ਹੋਈ ਭਰਵੀ ਮੀਟਿੰਗ ਅਤੇ

# ਸਿਵਲ ਸਰਜਨ ਨੂੰ ਦਿੱਤਾ ਮੰਗ ਪੱਤਰ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ ਪੰਜਾਬ ਦੇ ਸੱਦੇ ਅਨੁਸਾਰ ਪੰਜਾਬ ਦੇ ਸਾਰੇ ਜਿਲਿਆ ਦੇ ਸਿਵਲ ਸਰਜਨਾ ਰਾਹੀ ਮਾਨਯੋਗ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਚੰਡੀਗੜ ਨੂੰ ਮੰਗ ਪੱਤਰ ਭੇਜੇ ਜਾ ਰਹੇ ਹਨ ਜਿਸ ਤਹਿਤ ਅੱਜ ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ ਜਿਲਾ ਸੰਗਰੂਰ ਦੇ ਪ੍ਰਧਾਨ ਰਣਧੀਰ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਸਿਵਲ ਸਰਜਨ ਦਫ਼ਤਰ ਸੰਗਰੂਰ ਵਿਖੇ ਕੀਤੀ ਗਈ, ਇਸ ਮੀਟਿੰਗ ਦੌਰਾਨ ਮੁਲਾਜ਼ਮ ਮੰਗਾ ਤੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ ਤੇ ਇਸ ਉਪਰੰਤ ਉਲੀਕੇ ਪ੍ਰੋਗਰਾਮ ਤਹਿਤ ਸਿਵਲ ਸਰਜਨ ਸੰਗਰੂਰ ਨੂੰ ਮੰਗ ਪੱਤਰ ਦਿੱਤਾ ਮੀਟਿੰਗ ਵਿੱਚ ਰਣਧੀਰ ਸਿੰਘ ਜਿਲਾ ਪ੍ਰਧਾਨ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਡਾਇਰੈਕਟੋਰੇਟ ਦਫਤਰ ਵੱਲੋ ਮਲਟੀਪਰਪਜ ਹੈਲਥ ਵਰਕਰ ਮੇਲ ਨਾਲ ਸੰਬੰਧਿਤ ਜਦੋ ਕੋਈ ਵੀ ਪੱਤਰ ਜਾਰੀ ਕੀਤਾ ਜਾਦਾ ਹੈ ਤਾ ਕਈ ਵਾਰ ਮ.ਪ.ਹ.ਵ ਮੇਲ ਲਿਖਣ ਦੀ ਥਾਂ ਵਰਕਰ ਜਾ ਮੇਲ ਵਰਕਰ ਲਿਖਿਆ ਜਾਦਾ ਹੈ ,ਅਜਿਹਾ ਬਹੁਤੀ ਵਾਰ ਸਿਵਲ ਸਰਜਨ ਪੱਧਰ ਤੇ ਵੀ ਦੁਹਰਾਇਆ ਜਾਦਾ ਹੈ ਜਿਸਦੇ ਨਾਲ ਪੰਜਾਬ ਭਰ ਵਿੱਚ ਮ.ਪ.ਹ.ਵ ਮੇਲ ਦੇ ਮਨਾਂ ਨੂੰ ਠੇਸ ਪਹੁੰਚਦੀ ਹੈ ਤੇ ਕੇਡਰ ਵਿੱਚ ਭਾਰੀ ਰੋਸ ਪਾਇਆ ਜਾਦਾ ਹੈ ,ਜਿਸ ਤੇ ਸਾਡੇ ਸਮੁੱਚੇ ਕੇਡਰ ਦੀ ਮੰਗ ਹੈ ਕਿ ਸਮੂਹ ਬ੍ਰਾਂਚਾ ਤੇ ਸਿਵਲ ਸਰਜਨ ਦਫ਼ਤਰਾਂ ਨੂੰ ਲਿਖਤੀ ਹੁਕਮ ਕੀਤੇ ਜਾਣ ਕਿ ਕੋਈ ਵੀ ਪੱਤਰ ਜਾ ਮੈਸਿਜ ਲਿਖਣ ਮੌਕੇ ਮ.ਪ.ਹ.ਵ ਮੇਲ ਹੀ ਲਿਖਿਆ ਜਾਵੇ ,ਦੂਸਰਾ ਪਿਛਲੇ ਦਿਨੀ ਵੱਟਸਅੱਪ ਗਰੁੱਪ ਦੇ ਮੈਸਿਜ ਰਾਹੀ ਡੇਗੂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਸਮੂਹ



ਮ.ਪ.ਹ.ਵ ਮੇਲ ਨੂੰ ਐਪੀਡੀਮਾਲੋਜਿਸਟ ਰਾਹੀ ਹੁਕਮ ਕੀਤੇ ਗਏ ਸਨ ਕਿ ਰੋਜ਼ਾਨਾ ਸਰਵੇ ਦੌਰਾਨ ਹਰ ਘਰ ਦੇ ਮੁਖੀ ਦਾ ਨਾਮ ਤੇ ਮੋਬਾਇਲ ਨੰਬਰ ਲੈ ਕੇ ਬਾਅਦ ਵਿੱਚ ਸਾਰੇ ਡਾਟੇ ਨੂੰ ਗੂਗਲ ਸ਼ੀਟ ਰਾਹੀ ਭਰਿਆ ਜਾਵੇ ,ਜੋ ਫੀਲਡ ਦੇ ਵਿੱਚ ਅਜਿਹਾ ਸੰਭਵ ਨਹੀ ਹੈ, ਕਿਉਂਕਿ ਸਰਵੇ ਦੌਰਾਨ ਰੋਜ਼ਾਨਾ ਲੋਕਾ ਤੋ ਇਹ ਡਾਟਾ ਇਕੱਤਰ ਨਹੀ ਕੀਤਾ ਜਾ ਸਕਦਾ ਕਿਉਂਕਿ ਬਹੁਤੇ ਘਰਾ ਵਿੱਚ ਦਿਨ ਮੌਕੇ ਕੇਵਲ ਔਰਤਾਂ ਹੀ ਘਰਾ ਵਿੱਚ ਹੁੰਦੀਆਂ ਹਨ ,ਉਹਨਾ ਕੋਲੋ ਮੋਬਾਇਲ ਨੰਬਰ ਲੈਣਾ ਜਿੱਥੇ ਸਾਮਾਜਿਕ ਤੌਰ ਤੇ ਸੰਭਵ ਨਹੀ ਹੈ ਉੱਥੇ ਬਹੁਤੇ ਲੋਕ ਖੁਦ ਆਪਣਾ ਨਿੱਜੀ ਨੰਬਰ ਜਨਤਕ ਕਰਨ ਤੋ ਇਨਕਾਰ ਕਰ ਰਹੇ ਹਨ ਜਿਸਤੇ ਕੋਈ ਅਣਸੁਖਾਵੀ ਘਟਨਾ ਵੀ ਵਾਪਰ ਸਕਦੀ ਹੈ ਅਜਿਹੇ ਵਿੱਚ ਜ਼ੁੰਮੇਵਾਰੀ ਕਿਸਦੀ ਹੋਵੇਗੀ ਅਤੇ ਦੂਜਾ ਕਾਰਨ ਇਹ ਵੀ ਹੈ ਕਿ ਮ.ਪ.ਹ.ਵ ਮੇਲ ਨੇ ਰੋਜ਼ਾਨਾ ਫੀਵਰ ਸਰਵੇ ,ਜਾਗਰੂਕਤਾ ,ਲਾਰਵਾ ਨਿਰੀਖਣ,ਸਿਹਤ ਸਿੱਖਿਆ ,ਲਾਰਵਾ ਨਸ਼ਟ ਆਦਿ ਗਤੀਵਿਧੀਆ ਕਰਨੀਆ ਹੁੰਦੀਆਂ ਹਨ, ਜਿੰਨਾ ਨਾਲ ਡੇਗੂ ਤੇ ਕਾਬੂ ਪਾਇਆ ਜਾ ਸਕਦਾ ਹੈ,ਅਜਿਹੇ ਵਿੱਚ ਵਾਧੂ ਬੇਲੋੜਾ ਡਾਟਾ ਇਕੱਤਰ ਕਰਨ ਵਿੱਚ ਸਮਾ ਬਰਬਾਦ ਹੋਵੇਗਾ ਅਤੇ ਮੁੱਖ ਕੰਮ ਵੀ ਰਹਿ ਜਾਵੇਗਾ,ਇਥੇ ਇਹ ਵੀ ਦੱਸਣਯੋਗ ਹੈ ਕਿ ਮ.ਪ.ਹ.ਵ ਮੇਲ ਨੂੰ ਵਿਭਾਗ ਵੱਲੋ ਕੋਈ ਸਿੰਮ,ਮੋਬਾਇਲ ਤੇ ਡੌਂਗਲ ਨਹੀ ਦਿੱਤੀ ਗਈ ਜਿਸ ਨਾਲ ਡਾਟਾ ਆਨਲਾਈਨ ਕੀਤਾ ਜਾ ਸਕੇ ਜਦਕਿ ਸਿਹਤ ਵਿਭਾਗ ਵੱਲੋ ਸਬ ਸੈਂਟਰ ਪੱਧਰ ਤੇ ਬਾਕੀ ਹਰ ਇੱਕ ਕੈਟਾਗਿਰੀ ਨੂੰ ਵਿਭਾਗੀ ਕੰਮ ਕਰਨ ਲਈ ਲੋੜੀਂਦਾ ਸਾਮਾਨ ਦਿੱਤਾ ਗਿਆ ਹੈ ਅਜਿਹੇ ਵਿੱਚ ਇਹ ਕੰਮ ਕਿਸੇ ਹਾਲਤ ਵਿੱਚ ਨਹੀ ਹੋ ਸਕਦਾ।ਇਹਨਾ ਵੱਡੀਆਂ ਤੇ ਬੇ ਹੱਲ ਸਮੱਸਿਆਵਾ ਨੂੰ ਮੁੱਖ ਰੱਖਦੇ ਹੋਏ ਜੱਥੇਬੰਦੀ ਵੱਲੋ ਸੂਬਾ ਪੱਧਰ ਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਮ.ਪ.ਹ.ਵ ਮੇਲ ਵੱਲੋ ਰੋਜ਼ਾਨਾ ਗੂਗਲ ਸ਼ੀਟ ਨਹੀ ਭਰੀ ਜਾਵੇਗੀ ਅਤੇ ਜਿੱਥੇ ਸਰਵੇ ਦੌਰਾਨ ਜਿੱਥੇ ਲਾਰਵਾ ਮਿਲਦਾ ਹੈ ਉਸਦੇ ਵੇਰਵੇ ਦਫ਼ਤਰਾਂ ਵੱਲੋ ਜਾਰੀ ਪ੍ਰੋਫਾਰਮੇ ਤੇ ਭਰਕੇ ਭੇਜੇ ਜਾਣਗੇ ਤੇ ਡੇਗੂ ਤੋ ਬਚਾਉਣ ਲਈ ਫੀਲਡ ਵਿੱਚ ਡਟਕੇ ਕੰਮ ਕੀਤਾ ਜਾਵੇਗਾ ਤਾ ਜੋ ਸਿਹਤ ਵਿਭਾਗ ਦੀ ਸਾਖ ਲੋਕਾ ਵਿੱਚ ਪਹਿਲਾ ਨਾਲੋਂ ਵੀ ਵੱਧ ਸਕੇ। ਇਸ ਮੀਟਿੰਗ ਅਤੇ ਮੰਗ ਪੱਤਰ ਨੂੰ ਦੇਣ ਸਮੇ ਨਵਦੀਪ ਕੁਮਾਰ ਜਨਰਲ ਸਕੱਤਰ ਨੀਰਜ ਕੁਮਾਰ ਕੈਸ਼ੀਅਰ ਅਸ਼ੋਕ ਕੁਮਾਰ ਮੁੱਖ ਸਲਾਹਕਰ ਕੁਲਦੀਪ ਸਿੰਘ ਪ੍ਰਧਾਨ ਸ਼ੇਰਪੁਰ ਸਮਸ਼ੇਰ ਸਿੰਘ ਪ੍ਰਧਾਨ ਮੂਨਕ ਬਲਦੇਵ ਸਿੰਘ ਪਰਧਾਨ ਭਵਾਨੀਗੜ੍ਹ ਗੁਰਜੰਟ ਸਿੰਘ ਭਵਾਨੀਗੜ੍ਹ ਗੁਰਜੀਤ ਸਿੰਘ ਮਨਜੀਤ ਸਿੰਘ ਜਗਸੀਰ ਸਿੰਘ ਜਸਵੀਰ ਸਿੰਘ ਨਿਰਪਾਲ ਸਿੰਘ ਗੁਰਪ੍ਰੀਤ ਸਿੰਘ ਅਮਰੀਕ ਸਿੰਘ ਸੇਰਪੁਰ ਮਨਜੀਤ ਸਿੰਘ ਸੁਖਵਿੰਦਰ ਸਿੰਘ ਮੂਨਕ ਆਦਿ ਹਾਜ਼ਰ ਸਨ।

### ਖੇਡਾਂ ਵਤਨ ਪੰਜਾਬ ਦੀਆਂ 2024 ਸੀਜਨ-3

# ਦੂਜੇ ਦਿਨ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੱਖ ਵੱਖ ਖੇਡਾਂ ਵਿੱਚ ਹੋਏ ਸਖਤ ਮੁਕਾਬਲੇ- ਪਰਮਿੰਦਰ ਸਿੰਘ

ਬਠਿੰਡਾ, 17 ਸਤੰਬਰ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਸ਼ੌਕਤ ਅਹਿਮਦ ਪਰੇ ਦੀ ਰਹਿਨਮਈ ਹੇਠ ਅਤੇ ਜ਼ਿਲ੍ਹਾ ਸਪੋਰਟਸ ਅਫਸਰ ਪਰਮਿੰਦਰ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਖੇਡਾਂ ਵਤਨ ਪੰਜਾਬ ਸੀਜ਼ਨ- 3 ਦੀਆਂ ਤਹਿਤ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦਾ ਸ਼ਾਨਦਾਰ ਆਗਾਜ਼ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਸਪੋਰਟਸ ਅਫ਼ਸਰ ਪਰਮਿੰਦਰ ਸਿੰਘ ਬਠਿੰਡਾ ਇਸ ਮੌਕੇ ਅੱਜ ਵਾਲੀਬਾਲ ਲੜਕੇ ਜੇਤੂ ਖਿਡਾਰੀਆਂ ਨੂੰ ਡਿਪਟੀ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਕੁਲਵਿੰਦਰ ਸਿੰਘ ਨੇ ਮੈਡਮ ਪਾ ਕੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮਨਜਿੰਦਰ ਸਿੰਘ ਫੁੱਟਬਾਲ ਕੋਚ, ਸੁਖਮੰਦਰ ਸਿੰਘ ਰੈਸਲਿੰਗ, ਸੁਖਜੀਤ ਕੌਰ ਅਥਲੈਟਿਕਸ ਕੋਚ, ਸੁਖਪਾਲ ਕੌਰ ਸਾਈਕਲਿੰਗ ਕੋਚ,ਅਰੁਣਦੀਪ ਸਿੰਘ,ਰਾਜੇਸ਼ ਕੁਮਾਰ, ਵਿਨੋਦ ਕੁਮਾਰ ਮੁਲਤਾਨੀਆਂ, ਵਾਲੀਬਾਲ ਸ਼ੂਟਿੰਗ ਕਨਵੀਨਰ ਸੁਖਮੰਦਰ ਸਿੰਘ, ਅੰਗਰੇਜ਼ ਸਿੰਘ ਮਨਦੀਪ ਸਿੰਘ ਦਿਉਣ ਹਰਭਜਨ ਸਿੰਘ ਵਿਰਕ, ਜਸਵਿੰਦਰ ਸਿੰਘ ਜਸਵੀਰ ਸਿੰਘ ਸੁਨੀਤਾ ਰਾਣੀ, ਨਿਰਮਲ ਸਿੰਘ, ਸਾਹਿਲ ਪੁਰੀ, ਗੁਰਦੀਪ ਸਿੰਘ, ਬਲਜੀਤ ਸਿੰਘ, ਸੁਖਜਿੰਦਰ ਪਾਲ ਸਿੰਘ, ਕੁਲਵਿੰਦਰ ਸਿੰਘ ਰਿੰਕੂ ਰਾਜਪ੍ਰੀਤ ਕੌਰ, ਸੁਖਵੀਰ ਕੌਰ, ਨੀਤੀ ਰਾਮਪੁਰਾ ਫੂਲ ਆਦਿ ਹਾਜ਼ਰ ਸਨ। ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਦੇ ਮੀਡੀਆ ਟੀਮ ਤੋਂ ਬਲਵੀਰ ਸਿੰਘ ਕਮਾਡੋ ਨੇ ਦੱਸਿਆ ਕਿ ਵਾਲੀਬਾਲ ਸ਼ੂਟਿੰਗ ਲੜਕੇ ਅੰਡਰ-17 ਸਾਲਾ ਵਰਗ ਵਿੱਚ ਮੁਕਾਬਲਿਆਂ ਵਿੱਚ ਪਹਿਲਾ ਸਾਥਨ ਕਾਰਪੋਰੇਸ਼ਨ ਏ ਨੇ ਪਹਿਲਾਂ ਕਾਰਪੋਰੇਸ਼ਨ ਬੀ ਨੇ ਦੂਜਾ ਸਥਾਨ ਅਤੇ ਭਗਤਾ ਬਲਾਕ ਦੇ ਲੜਕਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਖੋ-ਖੋ ਲੜਕੀਆਂ ਅੰਡਰ-21 ਸਾਲਾ ਵਿੱਚ ਬਠਿੰਡਾ ਏ ਨੇ ਪਹਿਲਾਂ ਰਾਮਪੁਰਾ ਏ ਨੇ ਦੂਜਾ ਰਾਮਪੁਰਾ ਬੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਾਕਸਿੰਗ ਲੜਕੀਆਂ ਦੇ ਅੰਡਰ-14 ਸਾਲਾ ਮੁਕਾਬਲਿਆਂ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੋਮਲਪ੍ਰੀਤ ਕੌਰ ਨੇ ਦੂਜਾ ਸਥਾਨ ਅਮਰੀਤ ਕੌਰ ਮੌੜ ਪ੍ਰਾਪਤ ਕੀਤਾ। ਜੈਸਮੀਨ ਕੌਰ ਨੇ ਪਹਿਲਾ ਮਨਵੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੋਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਅਤੇ ਮਨਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬਾਸਕਟਬਾਲ ਲੜਕੀਆਂ ਦੇ ਮੁਕਾਬਲੇ ਵਿੱਚ ਅੰਡਰ-14 ਸਾਲਾ ਵਰਗ ਵਿੱਚ ਬਹਿਮਣ ਦੀਵਾਨਾ ਨੇ ਪਹਿਲਾਂ ਸਥਾਨ ਪ੍ਰਾਪਤ ਅਤੇ ਦੂਜੇ ਸਥਾਨ ਤੇ ਕੋਚਿੰਗ ਸੈਂਟਰ ਖਾਲਸਾ ਸਕੂਲ ਬਠਿੰਡਾ ਪ੍ਰਾਪਤ ਕੀਤਾ ਤੀਜਾ ਸਥਾਨ ਸੈਂਟ ਜੋਸਫ਼ ਸਕੂਲ ਬਠਿੰਡਾ ਨੇ ਪ੍ਰਾਪਤ ਕੀਤਾ। ਅੰਡਰ-17 ਵਰਗ ਵਿੱਚ ਬਹਿਮਣ ਦੀਵਾਨਾ ਨੇ ਪਹਿਲਾਂ ਅਤੇ ਕੋਚਿੰਗ ਸੈਂਟਰ ਖਾਲਸਾ ਸਕੂਲ ਬਠਿੰਡਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਤੀਜਾ ਸਥਾਨ ਦੂਨ ਪਬਲਿਕ ਸਕੂਲ ਭਗਤਾਂ ਭਾਈ ਕਾ ਨੇ ਪ੍ਰਾਪਤ ਕੀਤਾ। ਅੰਡਰ-21 ਸਾਲਾ ਵਰਗ ਵਿੱਚ ਬਹਿਮਣ ਦੀਵਾਨਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਦੂਜਾ ਸਥਾਨ ਦੂਨ ਪਬਲਿਕ ਸਕੂਲ ਭਗਤਾਂ ਭਾਈ ਕਾ ਨੇ ਪ੍ਰਾਪਤ ਕੀਤਾ, ਤੀਜਾ ਸਥਾਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਨੇ ਪ੍ਰਾਪਤ ਕੀਤਾ। ਅੱਜ ਦੂਜੇ ਦਿਨ ਖੇਡਾਂ ਵਤਨ ਪੰਜਾਬ ਸੀਜ਼ਨ-3 ਵਿੱਚ ਖਿਡਾਰੀਆਂ ਅਤੇ ਖਿਡਾਰਨਾਂ ਦੇ ਲਈ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ।



# ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ’ਤੇ ਸਬਸਿਡੀ ਲਈ ਅਰਜੀਆਂ 19 ਸਤੰਬਰ ਤੱਕ - ਮੁੱਖ ਖੇਤੀਬਾੜੀ ਅਫ਼ਸਰ

**ਫ਼ਿਰੋਜ਼ਪੁਰ, 17 ਸਤੰਬਰ, (ਸੁਖਮੰਦਰ ਸਿੰਘ ਸ਼ਾਤ)**-ਪੰਜਾਬ ਸਰਕਾਰ ਅਤੇ ਖੇਤੀਬਾੜੀ ਭਲਾਈ ਵਿਭਾਗ ਵੱਲੋਂ ਝੋਨੇ ਦੀ ਪਰਾਲੀ ਸਾਂਭਣ ਲਈ ਸੁਪਰ ਐਸ.ਐਮ.ਐਸ., ਸਰਫੇਸ ਸੀਡਰ,ਸੁਪਰ ਸੀਡਰ, ਹੈਪੀ ਸੀਡਰ, ਸਮਾਰਟ ਸੀਡਰ, ਬੇਲਰ, ਰੈਕ, ਉਲਟਾਵੇ ਪਲਾਓ, ਸਰਬ ਮਾਸਟਰ/ਰੋਟਰੀ ਸਲੈਸਰ, ਪੈਡੀ ਸਟਰਾਅ ਚੌਪਰ/ਮਲਚਰ, ਜੀਰੋ ਡਰਿੱਲ, ਕਰਾਪ ਰੀਪਰ, ਪੈਡੀ ਸਪਲਾਈ ਚੈਨ ਅਤੇ ਕਸਟਮ ਹਾਈਰਿੰਗ ਸੈਂਟਰ ਸਬਸਿਡੀ ’ਤੇ ਉਪਲੱਬਧ ਕਰਵਾਉਣ ਲਈ ਆਨਲਾਈਨ ਪੋਰਟਲ ਰਾਹੀਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ, ਜਿਸ ਦੀ ਆਖਰੀ ਮਿਤੀ 19 ਸਤੰਬਰ 2024 ਹੈ। ਕਿਸਾਨ 19 ਸਤੰਬਰ 2024 ਤੱਕ ਆਪਣੀਆਂ ਅਰਜ਼ੀਆਂ ਨੂੰ agrimachinerypb.com ਪੋਰਟਲ ’ਤੇ ਰਜਿਸਟਰ ਕਰ ਸਕਦੇ ਹਨ।ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਫ਼ਿਰੋਜ਼ਪੁਰ ਡਾ. ਜੰਗੀਰ ਸਿੰਘ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕਿਸਾਨ ਸੁਪਰ ਸੀਡਰ, ਸਰਫੇਸ ਸੀਡਰ ਆਦਿ ਤਕਨੀਕ ਦੀ ਵਰਤੋਂ ਕਰਕੇ ਆਪਣੇ ਝੋਨੇ ਦੀ ਪਰਾਲੀ ਦੀ ਖੇਤ ਵਿੱਚ ਹੀ ਵਧੀਆ ਤਰੀਕੇ ਨਾਲ ਸਾਂਭ ਸੰਭਾਲ ਕਰ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਰਫੇਸ ਸੀਡਰ ਮਸ਼ੀਨ ’ਤੇ ਵਿਅਕਤੀਗਤ ਕਿਸਾਨ ਨੂੰ 50 ਫੀਸਦੀ ਜਾਂ ਵੱਧ ਤੋਂ ਵੱਧ 44,000 ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਸਹਿਕਾਰੀ ਸਭਾਵਾਂ/ਪੰਚਾਇਤਾਂ/ਕਿਸਾਨ ਗਰੁੱਪਾਂ ਨੂੰ 80 ਫੀਸਦੀ ਜਾਂ ਵੱਧ ਤੋਂ ਵੱਧ 70,400 ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਕਿਸਾਨਾਂ ਨੂੰ ਇਨ੍ਹਾਂ ਮਸ਼ੀਨਾਂ ਲਈ ਵੱਧ ਤੋਂ ਵੱਧ ਅਰਜ਼ੀਆਂ ਦੇਣ ਲਈ ਅਪੀਲ ਕੀਤੀ ਤਾਂ ਜੋ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਛੋਟੇ ਕਿਸਾਨਾਂ ਦੁਆਰਾ ਅਤੇ ਘੱਟੋ-ਘੱਟ ਖਰਚੇ ਨਾਲ ਸੰਭਾਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹੋਰ ਜਾਣਕਾਰੀ ਲਈ ਖੇਤੀਬਾੜੀ ਵਿਭਾਗ ਦੇ ਦਫ਼ਤਰਾਂ ਜਾਂ ਕਿਸਾਨ ਕਾਲ ਸੈਂਟਰ ਦੇ ਟਾਲਫਰੀ ਨੰਬਰ 18001801551 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲ ਯੂਨੀਵਰਸਿਟੀ ਦੇ ਐਜੂਕੇਸ਼ਨ ਵਿਭਾਗ ਵੱਲੋਂ ਹਿੰਦੀ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਦਾ ਕੀਤਾ ਆਯੋਜਨ



ਤਲਵੰਡੀ ਸਾਬੋ, 17 ਸਤੰਬਰ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦੇ ਐਜੂਕੇਸ਼ਨ ਵਿਭਾਗ ਵੱਲੋਂ ਹਿੰਦੀ ਦਿਵਸ ਨੂੰ ਸਮਰਪਿਤ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਵਿਭਾਗ ਵੱਲੋਂ ਕਵਿਤਾ ਮੁਕਾਬਲੇ ਕਰਵਾ ਕੇ ਹਿੰਦੀ ਦਿਵਸ ਮਨਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਭਾਰਤ ਦੀ ਅਧਿਕਾਰਤ ਭਾਸ਼ਾਵਾਂ ਵਿੱਚੋਂ ਇੱਕ ਹੋਣ ਦੇ ਨਾਤੇ ਹਿੰਦੀ ਦੀ ਮਹੱਤਤਾ ਦਾ ਸਨਮਾਨ ਕਰਨਾ ਅਤੇ ਦੇਸ਼ ਭਰ ਵਿੱਚ ਇਸਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ। ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਹਿੰਦੀ ਵਿੱਚ ਲਿਖੀਆਂ ਕਵਿਤਾਵਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਪ੍ਰੋਗਰਾਮ ਵਿਚ ਭਾਗ ਲਿਆ। ਵਿਦਿਆਰਥੀਆਂ ਦੀਆਂ ਰਚਨਾਵਾਂ ਨੇ ਏਕਤਾ, ਵਿਭਿੰਨਤਾ ਅਤੇ ਸੱਭਿਆਚਾਰਕ ਮਾਣ ਦੇ ਵਿਸ਼ਿਆਂ ਦਰਸਾਇਆ, ਜੋ ਭਾਰਤ ਭਰ ਦੇ ਲੋਕਾਂ ਨੂੰ ਜੋੜਨ ਵਿੱਚ ਹਿੰਦੀ ਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਦੀਆਂ ਹਨ। ਇਹ ਪ੍ਰੋਗਰਾਮ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਇਆ ਗਿਆ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਐਜੂਕੇਸ਼ਨ ਵਿਭਾਗ ਦੇ ਮੁਖੀ ਡਾ: ਬੀਰੇਂਦਰ ਕੌਰ ਨੇ ਵੀ ਮੁੱਖ ਭੂਮਿਕਾ ਨਿਭਾਈ। ਐਜੂਕੇਸ਼ਨ ਵਿਭਾਗ ਵਿੱਚ ਡਾ: ਜਸਵੀਰ ਗਿੱਲ ਅਤੇ ਸ਼੍ਰੀ ਆਰਿਫ ਜ਼ਰਗਰ ਸਹਾਇਕ ਪ੍ਰੋਫੈਸਰ ਦੁਆਰਾ ਸੰਯੋਜਿਤ ਇਸ ਮੁਕਾਬਲੇ ਨੇ ਸਰਕਾਰੀ ਸੰਚਾਰ ਅਤੇ ਰੋਜ਼ਾਨਾ ਜੀਵਨ ਵਿੱਚ ਹਿੰਦੀ ਦੀ ਮਹੱਤਤਾ ਨੂੰ ਮਜ਼ਬੂਤ ਕੀਤਾ।ਜਦੋਂ ਕਿ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਇਸ ਤੋਂ ਇਲਾਵਾ ਭਾਸ਼ਾ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਹਿੰਦੀ ਦਿਵਸ ਵਧਦੀ ਗਲੋਬਲਾਈਜ਼ਡ ਦੁਨੀਆ ਵਿੱਚ ਭਾਸ਼ਾ ਨੂੰ ਉਤਸ਼ਾਹਿਤ ਕਰਨ ਦੀ ਲੋੜ ਦੀ ਯਾਦ ਦਿਵਾਉਂਦਾ ਹੈ।

# ਫ਼ਿਲਮਾਂ ਦੇ ਨਾਲ ਨਾਲ ਅਸਲ ਜੀਵਨ ਵਿੱਚ ਵੀ ਸਿੱਖੀ ਸਰੂਪ ਲੈ ਕੇ ਆਉਣ ਪੰਜਾਬੀ ਕਲਾਕਾਰ-ਵਿਪਿਨ ਪ੍ਰੀਤ ਸਿੰਘ



ਜਿਵੇਂ ਕਿ ਅਸੀਂ ਸਾਰੇ ਦੇਖ ਰਹੇ ਹਾਂ ਅੱਜ-ਕੱਲ੍ਹ ਸਿੱਖੀ ਸਿਧਾਂਤਾਂ ਤੇ ਬਹੁਤ ਫ਼ਿਲਮਾਂ ਬਣ ਰਹੀਆਂ ਹਨ ਜੋ ਕਿ ਬਹੁਤ ਚੰਗੀ ਗੱਲ ਹੈ ।ਪਰ ਜੇਕਰ ਇਸਦੇ ਨਾਲ ਵੇਖਿਆ ਜਾਵੇ ਤਾਂ ਜਿਹੜੇ ਕਲਾਕਾਰ ਫ਼ਿਲਮਾਂ ਵਿੱਚ ਰੋਲ ਅਦਾ ਕਰ ਰਹੇ ਨੇ ਉਹ ਜਾਂ ਤਾਂ ਕੇਸ ਕਤਲ ਕਰਦੇ ਨੇ ਜਾਂ ਫ਼ੇਰ ਆਪ ਹੀ ਸਾਬਤ ਸੂਰਤ ਨਹੀਂ ਹੈਗੇ। ਇਸ ਬਾਬਤ ਖਾਲਸਾ ਯੂਥ ਕਲੱਬ ਪੰਚਕੂਲਾ ਦੇ ਪ੍ਰਧਾਨ ਸਰਦਾਰ ਵਿਪਿਨ ਪ੍ਰੀਤ ਸਿੰਘ ਨੇ ਗੱਲ ਕਰਦਿਆਂ ਕਿਹਾ ਕਿ ਜੇਕਰ ਆਹੀ ਹਾਲਾਤ ਰਹੇ ਸਾਡੇ ਸਭਿਆਚਾਰ ਦੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਜਵਾਨੀ ਬਿਨਾ ਦਾੜੇ ਅਤੇ ਕੇਸਾਂ ਤੋਂ ਦਿਖਾਈ ਦੇਵੇਗੀ ।ਸਰਦਾਰ ਵਿਪਿਨ ਪ੍ਰੀਤ ਸਿੰਘ ਨੇ ਕਿਹਾ ਕੀ ਅਸੀਂ ਅਕਸਰ ਵੇਖਦੇ ਹਾਂ ਕਿ ਸਾਡੇ ਪੰਜਾਬੀ ਕਲਾਕਾਰ ਇਕ ਪਾਸੇ ਤਾਂ ਫ਼ਿਲਮਾਂ ਚ ਸਿੱਖੀ ਸਿਧਾਂਤਾਂ ਦਾ ਲੈਕਚਰ ਦਿੰਦੇ ਨੇ ਪਰ ਦੂਜੇ ਪਾਸੇ ਉਹ ਆਪਣੀ ਜੀਵਨ ਸ਼ੈਲੀ ਵਿੱਚ ਜਾਂ ਤਾਂ ਕੇਸ ਕਤਲ ਕਰਦੇ ਹਨ ਜਾਂ ਸਾਬਤ ਸੂਰਤ ਨਹੀਂ ਹਨ ।ਇਹਨਾਂ ਕਾਰਣਾਂ ਕਰਕੇ ਅੱਜ ਪੰਜਾਬ ਦਾ ਯੂਥ ਪਤਿਤ ਹੁੰਦਾ ਜਾ ਰਿਹਾ ਹੈ ਕਿਉਂਕਿ ਅੱਜ ਦਾ ਯੂਥ ਕਲਾਕਾਰਾਂ ਨੂੰ ਫ਼ੌਲੋ ਕਰਦਾ ਹੈ ਅਤੇ ਕਿਤੇ ਨਾਂ ਕਿਤੇ ਸਾਡੇ ਕਲਾਕਾਰਾਂ ਦਾ ਬਹੁਤ ਵੱਡਾ ਯੋਗਦਾਨ ਹੈ ਪੰਜਾਬ ਦੇ ਜਵਾਨਾਂ ਨੂੰ ਕੇਸ ਕਤਲ ਕਰਨ ਲਈ ਮਜਬੂਰ ਕਰਨਾ ।ਸਰਦਾਰ ਵਿਪਿਨ ਪ੍ਰੀਤ ਸਿੰਘ ਦਾ ਕਹਿਣਾ ਹੈ ਜੇਕਰ ਸਾਡੇ ਪੰਜਾਬੀ ਕਲਾਕਾਰ ਇਸ ਗੱਲ ਤੇ ਧਿਆਨ ਦੇਣ ਅਤੇ ਆਪ ਸਾਬਤ ਸੂਰਤ ਹੋਣ ਤਾਂ ਓਹਨਾਂ ਨੂੰ ਵੇਖ ਕੇ ਪੰਜਾਬ ਦਾ ਯੂਥ ਮੁੜ ਸਾਬਤ ਸੂਰਤ ਸਰੂਪ ਚ ਵਾਪਸ ਆ ਸਕਦਾ ਅਤੇ ਮੁੜ ਪੰਜਾਬ ਦੀ ਜਵਾਨੀ ਫ਼ੇਰ ਤੋਂ ਪੁਰਾਤਨ ਸਿੰਘਾਂ ਅਤੇ ਸਿੰਘਣੀਆਂ ਵਰਗੀ ਜਾਗਦੀ ਜ਼ਮੀਰਾਂ ਵਰਗੀ ਹੋ ਸਕਦੀ ਹੈ ।ਸਰਦਾਰ ਵਿਪਿਨ ਪ੍ਰੀਤ ਸਿੰਘ ਦਾ ਆਹ ਵੀ ਕਹਿਣਾ ਹੈ ਕਿ ਜੇਕਰ ਸਾਡੀ ਟੀਮ ਦੀ ਸਾਡੇ ਕਲਾਕਾਰਾਂ ਨੂੰ ਕਿਸੇ ਵੀ ਪੱਖੋਂ ਸਹਾਇਤਾ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰਨ ਅਸੀਂ ਪੰਜਾਬ ਦੀ ਜਵਾਨੀ ਅਤੇ ਸਰਦਾਰੀ ਨੂੰ ਕਾਇਮ ਰੱਖਣ ਲਈ ਸਾਥ ਵੀ ਦਿਆਂਗੇ।

# ਪੰਜਾਬ ਦੀ ਸੂਬਾ ਸਰਕਾਰ ਦਲਿਤ ਲੋਕਾਂ ਨਾਲ ਕਰ ਰਹੀ ਹੈ ਧੱਕਾ - ਸੇਰਪੁਰ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿਚ ਬਦਲਾਅ ਲਿਆਉਣ ਦੇ ਨਾਮ ਹੇਠ ਸੂਬੇ ਅੰਦਰ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਬਰਨਾਲਾ ਦੇ ਜਿਲ੍ਹਾ ਇੰਚਾਰਜ ਡਾਕਟਰ ਜਗਜੀਵਨ ਸਿੰਘ ਸੇਰਪੁਰ ਨੇ ਕੀਤਾ । ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਦਲਿਤ ਲੋਕਾਂ ਦੇ ਨਾਲ ਬੜੇ ਵਾਅਦੇ ਕੀਤੇ ਸਨ, ਪਰ ਇਕ ਵੀ ਵਾਅਦਾ ਪੂਰਾ ਨਹੀਂ ਹੋਇਆ।ਸਰਕਾਰ ਨੇ ਪੰਜਾਬ ਦੇ ਦਲਿਤ ਲੋਕਾਂ ਦੇ ਨਾਲ ਘਰ ਘਰ ਆਟਾ ਦੇਣ,ਦਲਿਤ ਪਰਿਵਾਰ ਦੀਆਂ ਬੇਟੀਆਂ ਨੂੰ ਅਸ਼ੀਰਵਾਦ ਸਕੀਮ ਅਧੀਨ ਵਿਆਹ ਤੋਂ ਪਹਿਲਾਂ ਪੈਸੇ ਦੇਣ ਦਾ ਵਾਅਦਾ, ਜੇਕਰ ਕੋਈ ਗਰੀਬ ਕਿਸੇ ਭਿਆਨਕ ਬਿਮਾਰੀ ਨਾਲ ਮਰ ਜਾਂਦਾ ਹੈ ਤਾਂ ਉਹਨਾਂ ਨੂੰ ਕੁਝ ਵੀ ਨਹੀਂ ਦਿੱਤਾ ਜਾਂਦਾ, ਪਰ ਕਿਸਾਨ ਪਰਿਵਾਰ ਜਾਵੇ ਤਾਂ ਉਹਨੂੰ ਸ਼ਹੀਦ ਦਾ ਦਰਜਾ ਦੇ ਕੇ ਕਰੋੜਾਂ ਰੁਪਏ ਦਿੱਤੇ ਜਾਂਦੇ ਹਨ। ਸ਼ੇਰਪੁਰ ਨੇ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 500 ਰੁਪਏ ਕੀਤੀ ਜਾਵੇ, ਪੰਜਾਬ ਸਰਕਾਰ ਵੱਲੋਂ ਕੱਟੇ ਗਏ ਰਾਸ਼ਨ ਕਾਰਡ ਦੁਬਾਰੇ ਬਣਾਏ ਜਾਣ , ਜੋ ਕਣਕ ਗਰੀਬ ਲੋਕਾਂ ਦੀ ਕੱਟੀ ਗਈ ਪੰਜਾਬ ਸਰਕਾਰ ਨੇ ਬੰਦ ਕਰ ਦਿੱਤੀ ਉਸ ਨੂੰ ਦੁਬਾਰਾ ਚਾਲੂ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਅਤੇ ਭਾਈ ਗੁਰ ਇਕਬਾਲ ਸਿੰਘ ਵੱਲੋਂ ਲਗਾਏ

# ਵਿਸ਼ਾਲ ਲੰਗਰ 'ਚ ਕੀਤੀ ਸੇਵਾ









**ਗੋਇੰਦਵਾਲ ਸਾਹਿਬ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਅਤੇ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ਼ਤਾਬਦੀ ਸਮਾਗਮਾਂ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ, ਚੱਬਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਅਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਅੰਮ੍ਰਿਤਸਰ ਦੇ ਮੁਖੀ ਭਾਈ ਗੁਰ ਇਕਬਾਲ ਸਿੰਘ ਵੱਲੋਂ ਸਾਂਝੇ ਤੌਰ 'ਤੇ ਤਰਨ ਤਾਰਨ ਰੋਡ ਵਿਖੇ ਇਕ ਵਿਸ਼ਾਲ ਪੰਡਾਲ ਦੇ ਹੇਠਾਂ ਲਗਾਏ ਗਏ ਵਿਸ਼ਾਲ ਲੰਗਰ ਸੇਵਾ 'ਚ ਸ਼ਮੂਲੀਅਤ ਕਰਦਿਆਂ ਸੰਗਤਾਂ ਨੂੰ ਲੰਗਰ ਵਰਤਾਉਣ ਦੀ ਸੇਵਾ ਕੀਤੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕਤਰ ਭਾਈ ਰਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਸਕਤਰ ਪ੍ਰਤਾਪ ਸਿੰਘ ਵੀ ਮੌਜੂਦ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਧਾਮੀ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਸੰਗਤਾਂ ਨੂੰ ਸ਼ਤਾਬਦੀ ਸਮਾਗਮਾਂ 'ਚ ਹੁੰਮ੍ਹ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ। ਸ. ਧਾਮੀ ਨੇ ਸੰਗਤਾਂ ਨੂੰ ਅੰਮ੍ਰਿਤਧਾਰੀ ਤੇ ਨਿੱਤਨੇਮੀ ਹੋਣ, ਬਾਣੀ ਅਤੇ ਬਾਣੇ ਦਾ ਸਤਿਕਾਰ ਕਰਨ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਵਾਲੇ ਮਾਰਗ 'ਤੇ ਚਲਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸੰਤ ਬਾਬਾ ਦਰਸ਼ਨ ਸਿੰਘ ਤੇ ਭਾਈ ਗੁਰਇਕਬਾਲ ਸਿੰਘ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

**ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਅਤੇ ਭਾਈ ਗੁਰ ਇਕਬਾਲ ਸਿੰਘ ਵੱਲੋਂ ਲਗਾਏ ਵਿਸ਼ਾਲ ਲੰਗਰ ਤੇ ਸੇਵਾਵਾਂ ਸ਼ਲਾਘਾ ਯੋਗ : ਸ. ਧਾਮੀ**

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਸੰਤ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਨੇ ਵਿਸ਼ੇਸ਼ ਸ਼ਖ਼ਸੀਅਤਾਂ ਦਾ ਸਿਰੋਪਾਉ ਭੇਟ ਕਰਕੇ ਸਤਿਕਾਰ ਸਨਮਾਨ ਕੀਤਾ ਅਤੇ ਕਿਹਾ ਕਿ ਗੁਰੂ ਕੇ ਲੰਗਰ 'ਚ ਰਵਾਇਤੀ ਦਾਲ ਰੋਟੀ ਤੋਂ ਇਲਾਵਾ ਵੱਖ ਵੱਖ ਪਕਵਾਨਾਂ ਅਤੇ ਵੱਖ-ਵੱਖ ਵੰਨਗੀਆਂ ਦੀਆਂ ਮਠਿਆਈਆਂ ਵਰਤਾਈਆਂ ਜਾ ਰਹੀਆਂ ਹਨ। ਇਹ ਲੰਗਰ 18 ਸਤੰਬਰ ਤਕ ਨਿਰੰਤਰ ਚੱਲੇਗਾ। ਠੰਢੇ ਮਿੱਠੇ ਜਲ ਦੀ ਛਬੀਲ ਦੀਆਂ ਸੇਵਾਵਾਂ ਵੀ ਚੱਲਣਗੀਆਂ। ਉਹਨਾਂ ਸਮੂਹ ਸੰਗਤਾਂ ਨੂੰ ਸ਼ਤਾਬਦੀ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਗਿਆਨੀ ਵਿਸ਼ਾਲ ਸਿੰਘ, ਅਰਦਾਸੀਆ ਭਾਈ ਪ੍ਰੇਮ ਸਿੰਘ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਗੁਰਦੁਆਰਾ ਟਾਹਲਾ ਸਾਹਿਬ ਟਰੱਸਟ ਦੇ ਪ੍ਰਧਾਨ ਭਾਈ ਕਸ਼ਮੀਰ ਸਿੰਘ, ਬੀਬੀ ਕੌਲਾਂ ਭਲਾਈ ਕੇਂਦਰ ਅੰਮ੍ਰਿਤਸਰ ਤੋਂ ਨਿੱਕੂ ਵੀਰ ਜੀ, ਗਿਆਨੀ ਭਾਈ ਸੂਰਤਾ ਸਿੰਘ, ਪ੍ਰੋ. ਸਰਚਾਂਦ ਸਿੰਘ, ਸੁਖਵਿੰਦਰ ਸਿੰਘ ਸੁਖ ਤੇੜਾ, ਬਾਪੂ ਦੇਸਾ ਸਿੰਘ ਜੌਹਲ, ਮੈਨੇਜਰ ਰਣਦੀਪ ਸਿੰਘ ਗੁਰਵਾਲੀ, ਗਿਆਨੀ ਹੀਰਾ ਸਿੰਘ ਕਥਾਵਾਚਕ ਗੁਰਦੁਆਰਾ ਟਾਹਲਾ ਸਾਹਿਬ, ਭਾਈ ਹਰਦੇਵ ਸਿੰਘ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਮੈਨੇਜਰ ਗੁਰਪ੍ਰੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਬਲਜੀਤ ਸਿੰਘ ਵਰਪਾਲ, ਭਾਈ ਜਸਵੀਰ ਸਿੰਘ ਗੋਰਾ, ਮਾਸਟਰ ਨੰਗਲੀ, ਨਰਿੰਦਰ ਸਿੰਘ ਗਿੱਲ, ਬਾਬਾ ਮੇਵਾ ਸਿੰਘ, ਬਾਬਾ ਗੋਰਾ ਸਿੰਘ, ਭਾਈ ਸੁਖ ਸਾਗਰ ਸਿੰਘ, ਭਾਈ ਮਨਜੀਤ ਸਿੰਘ ਗੁਰਵਾਲੀ, ਭਾਈ ਦਿਲਬਾਗ ਸਿੰਘ, ਭਾਈ ਮਿੱਟੂ ਜੀਤਾ, ਭਾਈ ਹੀਰਾ ਸਿੰਘ ਮਾਨੋਚਾਹਲ, ਕੁਲਵੰਤ ਸਿੰਘ ਗੁਰਵਾਲੀ, ਭਾਈ ਗੁਰ ਸੇਵਕ ਸਿੰਘ, ਭਾਈ ਥਿੰਦ ਸਰਪੰਚ ਤੇ ਭਾਈ ਲਾਲ ਸਿੰਘ ਮੌਜੂਦ ਸਨ।

# ਬੀਕੇਯੂ ਉਗਰਾਹਾਂ ਬਲਾਕ ਤਲਵੰਡੀ ਸਾਬੋ ਦੀ ਹੋਈ ਅਹਿਮ ਮੀਟਿੰਗ

## ਨਵੀਂ ਖੇਤੀ ਨੀਤੀ ਲਾਗੂ ਨਾ ਹੋਈ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ- ਜ਼ਿਲ੍ਹਾ ਆਗੂ ਹਰਜਿੰਦਰ ਬੱਗੀ



**ਤਲਵੰਡੀ ਸਾਬੋ, 17 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਦੀ ਅਹਿਮ ਮੀਟਿੰਗ ਲੇਲੇਵਾਲਾ ਗੈਸ ਪਾਇਪ ਲਾਇਨ ਮੋਰਚੇ ਤੇ ਬਲਾਕ ਜਨਰਲ ਸਕੱਤਰ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਕਿਸਾਨ, ਮਜ਼ਦੂਰ ਤੇ ਵਾਤਾਵਰਨ ਪੱਖੀ ਨਵੀਂ ਖੇਤੀ ਨੀਤੀ ਦੇ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਬਲਾਕ ਦੇ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਦੱਸਿਆ ਕਿ ਨਵੀਂ ਖੇਤੀ ਨੀਤੀ ਦਾ ਕਿਸਾਨਾਂ ਮਜ਼ਦੂਰਾਂ ਪੱਖੀ ਹੋਣਾ ਸਮੇਂ ਦੀ ਲੋੜ ਹੈ ਤਾਂ ਕਿ ਖੇਤੀ ਨੂੰ ਇਸ ਡੂੰਘੇ ਆਰਥਿਕ ਸੰਕਟ ਤੋਂ ਬਾਹਰ ਕੱਢਿਆ ਜਾ ਸਕੇ। ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਨਵੀਂ ਖੇਤੀ ਨੀਤੀ ਦੇ ਨਾਲ ਨਾਲ ਹੋਰ ਭਖਦੇ ਮਸਲਿਆਂ ਬਾਰੇ ਵੀ ਜਾਗਰੂਕ ਕੀਤਾ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਭਾਵੇਂ ਸਰਕਾਰ ਨੇ ਪਿਛਲੇ ਦਿਨੀ ਚੰਡੀਗੜ੍ਹ ਮੋਰਚੇ ਵਿੱਚ ਨਵੀਂ ਖੇਤੀ ਨੀਤੀ ਦਾ ਖਰੜਾ ਜਲਦ ਲਾਗੂ ਕਰਨ ਦੀ ਗੱਲ ਕਹੀ ਗਈ ਹੈ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਖੇਤੀ ਨੀਤੀ ਲਾਗੂ ਨਾ ਹੋਈ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਪਿੰਡਾਂ ਵਿੱਚ ਸੰਘਰਸ਼ ਦੀ ਤਿਆਰੀ ਲਈ ਮੀਟਿੰਗ ਕਰਵਾਇਆ ਜਾਣਗੀਆਂ। ਅੱਜ ਦੀ ਮੀਟਿੰਗ ਵਿੱਚ ਬਲਾਕ ਆਗੂ ਕਲੱਤਰ ਸਿੰਘ ਕਲਾਲਵਾਲਾ, ਗੁਰਜੀਤ ਸਿੰਘ ਬੰਗੇਹਰ ਅਤੇ ਪਿੰਡ ਕਮੇਟੀਆਂ ਦੇ ਪ੍ਰਧਾਨ ਸਕੱਤਰ ਤੇ ਕਿਸਾਨ ਮਜ਼ਦੂਰ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਐੱਨ.ਐੱਸ.ਐੱਸ. ਵਲੰਟੀਅਰਾਂ ਨੇ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮਨਾਇਆ




ਧੂਰੀ ( ਰਣਜੀਤ ਸਿੰਘ ਪੇਧਨੀ ) ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਐੱਨ.ਐੱਸ.ਐੱਸ. ਯੂਨਿਟਾਂ ਵੱਲੋਂ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਵਕਤਾ ਡਾ. ਊਸ਼ਾ ਜੈਨ ਨੇ ਵਿਦਿਆਰਥੀਆਂ ਨੂੰ ਸਬਰ ਤੇ ਸ਼ਾਂਤੀ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਦਿਨੋ-ਦਿਨ ਮਨੁੱਖੀ ਸੁਭਾਅ ਵਿੱਚ ਵੱਧਦੀ ਹਿੰਸਾ ਦੇ ਮੱਦੇਨਜ਼ਰ ਸਮਝਦਾਰੀ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਹਮੇਸ਼ਾਂ ਸ਼ਾਂਤ ਰਹਿਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਧੀਰਜ ਅਤੇ ਸਹਿਣਸ਼ੀਲਤਾ ਦੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾਉਣ ਦੀ ਸਲਾਹ ਦਿੱਤੀ ਅਤੇ ਡਾ. ਰਾਕੇਸ਼ ਕੁਮਾਰ ਨੇ ਕਿਹਾ ਸਮੂਹ ਸਮਾਜ ਦਾ ਹਰ ਪੱਖੋਂ ਵਿਕਾਸ ਕਰਨ ਲਈ ਸ਼ਾਂਤੀ ਦਾ ਹੋਣਾ ਬਹੁਤ ਜਰੂਰੀ ਹੈ। ਕਾਲਜ ਐੱਨ.ਐੱਸ.ਐੱਸ. ਰੈਗੂਲਰ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਸ਼ਾਂਤੀ ਦੇ ਸੁਨੇਹੇ ਨੂੰ ਫੈਲਾਉਣ ਲਈ ਸਮੂਹ ਵਲੰਟੀਅਰਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਐੱਨ.ਐੱਸ.ਐੱਸ. ਵਲੰਟੀਅਰਾਂ ਤੋਂ ਇਲਾਵਾ ਕਾਲਜ ਵਿਦਿਆਰਥੀ ਤੇ ਸਟਾਫ਼ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪ੍ਰਧਾਨਮੰਤਰੀ ਮਾਤਰੂ ਵੰਦਨਾ ਯੋਜਨਾ ਸਕੀਮ ਸਬੰਧੀ ਫੇਕ ਕਾਲ ਤੋਂ ਸੁਚੇਤ ਰਿਹਾ ਜਾਵੇ - ਜ਼ਿਲ੍ਹਾ ਪ੍ਰੋਗਰਾਮ ਅਫਸਰ

ਫਿਰੋਜ਼ਪੁਰ 17 ਸਤੰਬਰ (ਸੁਖਮੰਦਰ ਸਿੰਘ ਸ਼ਾਂਤ) ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਗੀਚਿਕਾ ਨੰਦਾ ਨੇ ਲੋਕਾਂ ਨੂੰ ਸੁੱਚੇਤ ਕਰਦਿਆਂ ਕਿਹਾ ਕਿ ਪਿੱਛਲੇ ਕੁੱਝ ਦਿਨਾਂ ਤੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਵੱਲੋਂ ਚਲਾਈ ਜਾ ਰਹੀ ਸਕੀਮ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਸਬੰਧੀ ਲੋਕਾਂ ਨੂੰ ਵਿਭਾਗ ਅਤੇ ਸਕੀਮ ਸਬੰਧੀ ਫੇਕ (ਜਾਅਲੀ) ਫੋਨ ਕਾਲ ਪ੍ਰਾਪਤ ਹੋ ਰਹੀਆਂ ਹਨ। ਜਿਸ ਵਿੱਚ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਲਾਭਪਾਤਰੀਆਂ/ਲੋਕਾਂ ਨੂੰ ਗੁਮਰਾਹ ਕਰ ਕੇ ਉਨ੍ਹਾਂ ਕੋਲੋਂ ਬੈੱਕ ਖਾਤੇ ਆਦਿ ਸਬੰਧੀ ਜਾਣਕਾਰੀ ਮੰਗੀ ਜਾ ਰਹੀ ਹੈ, ਜਿਸ ਕਰ ਕੇ ਲਾਭਪਾਤਰੀ ਧੋਖਾ-ਧੜੀ ਦਾ ਸ਼ਿਕਾਰ ਹੋ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਵਿਭਾਗ ਦੀ ਸਕੀਮ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਔਰਤਾਂ ਨੂੰ ਪਹਿਲਾ ਬੱਚਾ ਹੋਣ ਮਗਰੋਂ 5000/- ਰੁਪਏ ਅਤੇ ਦੂਜਾ ਬੱਚਾ ਲੜਕੀ ਹੋਣ ਮਗਰੋਂ 6000/- ਰੁਪਏ ਦੀ ਵਿੱਤੀ ਲਾਭ ਸਹਾਇਤਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ ਤੇ ਪਾਈ ਜਾਂਦੀ ਹੈ। ਪਰ ਵਿਭਾਗ ਵੱਲੋਂ ਲਾਭਪਾਤਰੀ ਨੂੰ ਕਾਲ ਕਰਕੇ ਅਜਿਹੀ ਕੋਈ ਵੀ ਜਾਣਕਾਰੀ ਅਤੇ ਓ.ਟੀ.ਪੀ ਆਦਿ ਦੀ ਮੰਗ ਨਹੀ ਕੀਤੀ ਜਾਂਦੀ ਬਲਕਿ ਆਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਵਿੱਚ ਹੀ ਲਾਭਪਾਤਰੀ ਨੂੰ ਲਾਭ ਦਿੱਤਾ ਜਾਂਦਾ ਹੈ ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਇਸ ਯੋਜਨਾ ਸਬੰਧੀ ਜਾਂ ਵਿਭਾਗ ਦਾ ਨਾਮ ਲੈ ਕੇ ਇਸ ਤਰ੍ਹਾਂ ਦੀ ਕੋਈ ਫੋਨ ਕਾਲ ਆਉਂਦੀ ਹੈ ਜਿਸ ਵਿਚ ਬੈਂਕ ਖਾਤੇ ਦੀ ਜਾਣਕਾਰੀ ਜਾਂ ਓ.ਟੀ.ਪੀ ਦੀ ਮੰਗ ਕੀਤੀ ਜਾਵੇ ਤਾਂ ਉਹ ਆਪਣੀ ਕੋਈ ਵੀ ਜਾਣਕਾਰੀ ਉਸ ਫੋਨ ਕਾਲ ਤੇ ਸਾਂਝੀ ਨਾ ਕਰਨ ਕਿਉਂਕਿ ਇਸ ਨਾਲ ਉਹ ਕਿਸੇ ਠੱਗੀ/ਧੋਖਾ-ਧੜੀ ਦਾ ਸ਼ਿਕਾਰ ਹੋ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਫੈਡਰੇਸ਼ਨ ਯੂ.ਕੇ. ਵਲੋਂ 40ਵੀਂ ਸਿੱਖ ਕਨਵੈਨਸ਼ਨ ਮੌਕੇ

# ਪੰਚ ਪ੍ਰਧਾਨੀ ਨੀਤੀ ਤਹਿਤ ਨੌਜਵਾਨਾਂ ਨੂੰ ਸੌਂਪਿਆ ਪ੍ਰਬੰਧ



**ਨਵੀਂ ਦਿੱਲੀ, 17 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਫੈਡਰੇਸ਼ਨ ਯੂ.ਕੇ. ਵਲੋਂ 40ਵੀਂ ਸਿੱਖ ਕਨਵੈਨਸ਼ਨ ਮੌਕੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਤੇ ਵਿਸ਼ਵ ਭਰ ਤੋਂ ਸੰਘਰਸ਼ੀ ਆਗੂ ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟ੍ਰੀਟ ਵੁਲਵਰਹੈਂਪਟਨ ਵਿਖੇ ਪਹੁੰਚੇ। ਜਿਸ ਵਿੱਚ ਦੁਨੀਆਂ ਭਰ ਦੇ ਸਿੱਖ ਵਿਦਵਾਨਾਂ ਅਤੇ ਸਿੱਖ ਚਿੰਤਕਾਂ ਨੇ ਸ਼ਮੂਲੀਅਤ ਕੀਤੀ।ਇਸ ਅੰਤਰ-ਰਾਸ਼ਟਰੀ ਕਾਨਫਰੰਸ ਵਿੱਚ ਸਭ ਤੋਂ ਪਹਿਲਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀ ਸ਼ਹੀਦ ਭਾਈ ਅਮਰੀਕ ਸਿੰਘ ਜੀ, ਸ਼ਹੀਦ ਜਰਨਲ ਸੁਬੇਗ ਸਿੰਘ ਜੀ, ਬਾਬਾ ਠਾਰਾ ਸਿੰਘ ਜੀ ਸਮੇਤ ਗੁਰਧਾਮਾਂ ਦੀ ਰਾਖੀ ਕਰਨ ਲਈ ਜੂਝ ਕੇ ਸ਼ਹੀਦ ਹੋਏ ਸਮੂਹ ਮਾਈ ਭਾਈ ਨੂੰ ਸ਼ਰਧਾਪੂਰਵਕ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਦੇਸ਼ਾਂ ਵਿਦੇਸ਼ਾਂ ਤੋਂ ਪਹੁੰਚੇ ਬੁਲਾਰਿਆਂ ਵਲੋਂ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਤੇ ਵਿਚਾਰਾਂ ਕੀਤੀਆਂ ਗਈਆਂ। ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਵਿੰਦਰਜੀਤ ਸਿੰਘ ਨੇ ਸਿੱਖ ਫੈਡਰੇਸ਼ਨ ਦੇ ਪਿਛਲੇ 40 ਸਾਲਾਂ ਦੇ ਕੰਮ ਕਾਰ ਦੀ ਜਾਣਕਾਰੀ ਦਿੱਤੀ ਅਤੇ ਸਮੇਂ ਦੀ ਜਰੂਰਤ ਨੂੰ ਮੁੱਖ ਰੱਖਦਿਆਂ ਹੋਇਆਂ ਦੱਸਿਆ ਕਿ ਜਥੇਬੰਦੀ ਨੂੰ ਨਵਾਂ ਢਾਂਚਾ ਲੋੜੀਂਦਾ ਸੀ। ਇਸ ਕਰਕੇ ਪੁਰਾਤਨ ਸਿੱਖੀ ਰਵਾਇਤਾਂ ਅਨੁਸਾਰ ਪੰਜ ਪ੍ਰਧਾਨੀ ਪ੍ਰਣਾਲੀ ਅਤੇ ਗੁਰਮਤੇ ਦੇ ਸਿਧਾਂਤ ਨੂੰ ਮੁੱਖ ਰੱਖਦਿਆਂ ਹੋਇਆਂ ਜਥੇਬੰਦੀ ਦਾ ਨਵਾਂ ਢਾਂਚਾ ਤਿਆਰ ਕੀਤਾ ਗਿਆ ਹੈ। ਜਥੇਬੰਦੀ ਦੇ ਇਸ ਪੁਨਰਗਠਨ ਵਿੱਚ ਯੂਕੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਕਿ ਇਸ ਮੁਲਕ ਦੀ ਸਰਕਾਰ ਦੀਆਂ ਸਿੱਖਾਂ ਪ੍ਰਤੀ ਨੀਤੀਆਂ ਦਾ ਖ਼ਾਸ ਖਿਆਲ ਰੱਖਿਆ ਜਾਵੇ ਅਤੇ ਸਿੱਖ ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਵੀ ਕੀਤਾ ਜਾਵੇ। ਜਥੇਬੰਦੀ ਦੇ ਆਗੂਆਂ ਨੇ ਨਵੇਂ ਨਿਯੁਕਤ ਕੀਤੇ ਮੈਂਬਰਾਂ ਦੇ ਨਾਮ ਪੜ੍ਹ ਕੇ ਸੁਣਾਏ ਤੇ ਸੰਗਤਾਂ ਨੇ ਜੈਕਾਰੇ ਲਗਾ ਕੇ ਸਹਿਮਤੀ ਦਿੱਤੀ। ਭਾਈ ਮਨਧੀਰ ਸਿੰਘ ਜੀ ਪੰਥ ਸੇਵਕ ਜੱਥਾ ਦੋਆਬਾ ਤੋਂ ਖ਼ਾਸ ਕਰਕੇ ਪੰਹੁਚੇ ਸਨ ਜਿਨ੍ਹਾਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਪੰਜਾਬ ਅਤੇ ਵਿਦੇਸ਼ੀ ਸਿੱਖਾਂ ਨੂੰ ਆਪਣੀ ਮੰਜ਼ਿਲ ਸਿੱਖ ਹੋਮਲੈਂਡ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਿੱਖਾਂ ਨੂੰ ਆ ਰਹੀਆਂ ਮੁਸ਼ਿਕਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਜਾਣਕਾਰੀ ਦਿੱਤੀ। ਸਿੱਖ ਫੈਡਰੇਸ਼ਨ ਜਰਮਨੀ ਤੋਂ ਭਾਈ ਗੁਰਮੀਤ ਸਿੰਘ ਖਨਿਆਣ ਭਾਈ ਅਵਤਾਰ ਸਿੰਘ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ, ਡਾਕਟਰ ਅਮਰਜੀਤ ਸਿੰਘ ਵਾਸ਼ਿੰਗਟਨ ਡੀ ਸੀ ਅਤੇ ਭਾਈ ਮੋਨਿੰਦਰ ਸਿੰਘਸਿੱਖ ਗੁਰਦੁਆਰਾ ਕੌਂਸਲ ਕੈਨੇਡਾ ਤੋਂ ਪਹੁੰਚੇ ਹੋਏ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਪੇਸ਼ ਆ ਰਹੀਆਂ ਮੁਸ਼ਿਕਲਾਂ ਬਾਰੇ ਅਤੇ ਉਨ੍ਹਾਂ ਦੇ ਹੱਲ ਬਾਰੇ ਜਾਣਕਾਰੀ ਦਿੱਤੀ। ਸਿੱਖਾਂ ਦੇ ਮਸਲਿਆਂ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਪੇਸ਼ ਕਰਨ ਅਤੇ ਉਨ੍ਹਾਂ ਦੇ ਹੱਲ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ ਜਿਸ ਸਿੱਖਾਂ ਦਾ ਅੰਤਰ ਰਾਸ਼ਟਰੀ ਤੌਰ ਤੇ ਸਿੱਖ ਫੈਡਰੇਸ਼ਨ ਦਾ ਗਠਨ ਕੀਤਾ ਜਾ ਰਿਹਾ ਹੈ ਤਾਂ ਕਿ ਪੰਜਾਬ ਅਤੇ ਵਿਦੇਸ਼ੀ ਸਿੱਖਾਂ ਦਾ ਆਪਸੀ ਤਾਲਮੇਲ ਬਣਿਆ ਰਹੇ। ਅੱਜ ਸਮੇਂ ਦੀ ਲੋੜ ਹੈ ਸਿੱਖਾਂ ਨੂੰ ਗਲੋਬਲ ਤੌਰ ਤੇ ਅਪਣਾ ਪੱਖ ਦੁਨੀਆਂ ਦੇ ਸਾਹਮਣੇ ਰੱਖਣ ਦੀ ਲੋੜ ਹੈ। ਜੇ ਇਹ ਕੰਮ ਸਿੱਖ ਨਹੀਂ ਕਰਨਗੇ ਤਾਂ ਕੋਈ ਹੋਰ ਸੰਸਥਾਵਾਂ ਹਮੇਸ਼ਾਂ ਦੀ ਤਰ੍ਹਾਂ ਸਿੱਖਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕਰਦੇ ਰਹਿਣਗੇ।

**ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਮੁੜ ਕੀਤੀ ਜਾਏਗੀ ਸਥਾਪਨਾ**

ਆਵਾਜ਼ਿ ਕੌਮ AWAZE QAUM International Newspaper & WEB TV

### ਈ ਬੇਅ ਕੰਪਨੀ ਵਲੋਂ ਕੈਪ ਉਪਰ ਖੰਡਾ ਛਪਵਾ ਕੇ ਵੇਚਣ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਪਹੁੰਚਾਈ ਜਾ ਰਹੀ ਠੇਸ

# ਵਕੀਲ ਨੀਨਾ ਸਿੰਘ ਨੇ ਭੇਜਿਆ ਨੋਟਿਸ







ਨਵੀਂ ਦਿੱਲੀ 17 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਸੰਸਾਰ ਦੀ ਵਡੀ ਈ ਕੋਮਰਸ ਵੈਬਸਾਈਟ ਈ ਬੇਅ ਤੇ ਸਿੱਖ ਪੰਥ ਦੇ ਧਾਰਮਿਕ ਚਿੰਨ ਖੰਡਾ ਨੂੰ ਕੈਪ ਉਤੇ ਛਪਵਾ ਕੇ ਸਰੇਆਮ ਵੇਚ ਕੇ ਪੰਥ ਦੀ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ ।ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਥਕ ਵਕੀਲ ਬੀਬਾ ਨੀਨਾ ਸਿੰਘ ਨੇ ਬੀਤੀ ਰਾਤ ਈ ਬੇਅ ਕੰਪਨੀ ਨੂੰ ਲੀਗਲ ਨੋਟਿਸ ਭੇਜ ਦਿੱਤਾ ਹੈ ।ਭੇਜੇ ਹੋਏ ਨੋਟਿਸ ਵਿਚ ਉਨ੍ਹਾਂ ਲਿਖਿਆ ਕਿ ਖੰਡਾ ਸਿੱਖ ਧਰਮ ਦਾ ਮਹੱਤਵਪੂਰਨ ਨਿਸ਼ਾਨ ਹੈ, ਜਿਸ ਵਿੱਚ ਦੋਧਾਰੀ ਤਲਵਾਰ, ਚੱਕਰ ਅਤੇ ਦੋ ਕਿਰਪਾਨ ਸ਼ਾਮਲ ਹਨ। ਇਹ ਸੱਚਾਈ ਨੂੰ ਝੂਠ ਤੋਂ ਵੱਖ ਕਰਨ ਦੇ ਰੂਪ ਵਿੱਚ ਆਤਮਕ ਗਿਆਨ ਨੂੰ ਦਰਸਾਉਂਦਾ ਹੈ। ਸਿੱਖ ਨਿਸ਼ਾਨ ਨੂੰ ਬੇਹਤ ਅਧਿਆਤਮਿਕ ਮਹੱਤਵ ਪ੍ਰਾਪਤ ਹੈ ਅਤੇ ਇਹ ਸਿਰਫ਼ ਧਾਰਮਿਕ ਸਾਮਾਨ ’ਤੇ ਹੀ ਵਰਤਿਆ ਜਾ ਸਕਦਾ ਹੈ। ਕੈਪ ਅਤੇ ਟੋਪੀਆਂ ਮੂਲ ਤੌਰ ’ਤੇ ਪੱਛਮੀ ਸੰਸਕ੍ਰਿਤੀ ਦਾ ਹਿੱਸਾ ਹਨ। ਸਿੱਖ ਧਰਮ ਵਿੱਚ ਦਸਤਾਰ ਨੂੰ ਕਦੇ ਵੀ ਟੋਪੀ ਨਾਲ ਬਦਲਿਆ ਨਹੀਂ ਜਾ ਸਕਦਾ। ਤੁਸੀਂ ਖੰਡਾ ਕੈਪ ’ਤੇ ਪ੍ਰਿੰਟ ਕਰ ਕੇ ਸਿੱਖ ਭਾਈਚਾਰੇ ਦੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤੀ ਹੈ। ਇਹ ਕਾਰਵਾਈਆਂ ਸਿੱਖ ਧਰਮ ਦੇ ਪ੍ਰਚਾਰ ਅਤੇ ਖਾਲਸੇ ਦੀ ਬੇਇਜਤੀ ਕਰ ਰਹੀਆਂ ਹਨ। ਇਸ ਨਾਲ ਸਿੱਖ ਨੌਜਵਾਨਾਂ ਵਿਚ ਗਲਤ ਸੁਨੇਹਾ ਜਾ ਰਿਹਾ ਹੈ ਕਿ ਕੈਪ ਪਹਿਨਣ ਨਾਲ ਉਹ ਪੱਛਮੀ ਸੰਸਕ੍ਰਿਤੀ ਦੇ ਨੇੜੇ ਆ ਸਕਦੇ ਹਨ ਅਤੇ ਖੰਡੇ ਵਾਲੀ ਕੈਪ ਪਹਿਨ ਕੇ ਉਹ ਖ਼ੁਦ ਨੂੰ ਸਿੱਖ ਧਰਮ ਨਾਲ ਜੋੜ ਸਕਦੇ ਹਨ। ਇਸ ਕਾਰਨ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਗਹਿਰਾਈ ਨਾਲ ਠੇਸ ਪਹੁੰਚੀ ਹੈ। ਅਸੀਂ ਇਸ ਬੇਅਦਬੀ ਦੇ ਵਿਰੋਧ ਵਿੱਚ ਤੁਹਾਨੂੰ ਤੁਰੰਤ ਕੈਪਾਂ ਦੀ ਵਿਕਰੀ ਅਤੇ ਇਸ਼ਿਤਹਾਰਬਾਜ਼ੀ ਬੰਦ ਕਰਨ ਅਤੇ ਸਾਰੇ ਵੈਬਸਾਈਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਤੋਂ ਇਹਨਾਂ ਕੈਪਾਂ ਦੇ ਇਸ਼ਿਤਹਾਰ ਹਟਾਉਣ ਲਈ ਕਿਹਾ ਹੈ। ਜੇ ਤੁਸੀਂ ਇਸ ’ਤੇ ਤੁਰੰਤ ਕਾਰਵਾਈ ਨਹੀਂ ਕਰਦੇ, ਤਾਂ ਸਿੱਖ ਲੀਗਲ ਏਡ ਟੀਮ ਵੱਲੋਂ ਤੁਹਾਡੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਤੁਹਾਡੇ ਕੰਮ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਲ ਮੁਆਫ਼ੀ ਮੰਗਣ ਦੀ ਮੰਗ ਕੀਤੀ ਜਾਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਬੋਲੀ ਦੇਣ ਆਏ ਮੁਲਾਜ਼ਮਾਂ ਨੂੰ ਭੇਜਿਆ ਵਾਪਸ



**ਧੂਰੀ, 17 ਸਤੰਬਰ ( ਰਣਜੀਤ ਸਿੰਘ ਪੇਧਨੀ )**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਬਲਾਕ ਧੂਰੀ ਦੀ ਮੀਟਿੰਗ ਕਰਮਜੀਤ ਸਿੰਘ ਬੇਨੜਾ ਦੀ ਅਗਵਾਈ ਹੇਠ ਪਿੰਡ ਭਸੌੜ ਦੀ ਦਾਣਾ ਮੰਡੀ ਵਿਖੇ ਕੀਤੀ ਗਈ। ਜਿਸ ਵਿੱਚ ਹਰਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਦੀ ਜਮੀਨ ਤਾਂ ਵਰੰਟ ਕਬਜ਼ਾ ਕੱਟਿਆ ਹੋਇਆ ਸੀ ਅਤੇ ਕਿਸਾਨ ਆਗੂਆਂ ਵੱਲੋਂ ਉਕਤ ਵਿਚਾਰਾਂ ਕੀਤੀਆਂ ਗਈਆਂ । ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨ ਨੇ 2014 ਵਿੱਚ ਬੈਂਕ ਤੋਂ 3 ਲੱਖ 75 ਹਜਾਰ ਰੁਪਏ ਘਰ ਦੀ ਮੰਦੀ ਹਾਲਤ ਸੁਧਾਰਨ ਲਈ ਕਰਜਾ ਲਿਆ ਸੀ । ਉਕਤ ਕਿਸਾਨ ਨੇ ਦੋ ਕਿਸਤਾਂ ਭਰ ਦਿੱਤੀਆਂ ਸਨ । ਪਰ ਬਾਅਦ ਵਿੱਚ ਨੋਟਬੰਦੀ ਹੋ ਗਈ ਜਿਸ ਕਾਰਨ ਕਿਸਤ ਨਹੀਂ ਭਰ ਸਕਿਆ ਕਰਜੇ ਦੀ ਪੰਡ ਦਿਨੋ ਦਿਨ ਭਾਰੀ ਹੁੰਦੀ ਗਈ। ਪਰ ਬਾਅਦ ਵਿੱਚ ਕੈਪਟਨ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜਿਨ੍ਹਾਂ ਕਿਸਾਨਾਂ ਨੇ ਬੈਂਕ ਦਾ ਕਰਜ਼ਾ ਲਿਆ ਹੈ ਉਹ ਕਰਜਾ ਨਹੀਂ ਭਰੇਗਾ। ਸਾਡੀ ਸਰਕਾਰ ਆਉਣ ਤੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ । ਸਰਕਾਰ ਦੀ ਨਲਾਇਕੀ ਦੇ ਕਾਰਨ ਕਿਸਾਨ ਨੇ ਕਿਸਤ ਨਹੀਂ ਭਰੀ ਗਈ ਤਾਂ ਬੈਂਕ ਵਾਲਿਆਂ ਨੇ ਕਿਸਾਨ ਦੀ ਜਮੀਨ ਦੀ ਬੋਲੀ ਦੇ ਲਈ ਮੁਲਾਜ਼ਮਾਂ ਨੂੰ ਬੁਲਾ ਲਿਆ। ਮੌਕੇ ਤੇ ਕਿਸਾਨ ਏਕਤਾ ਉਗਰਾਹਾਂ ਦੇ ਆਗੂਆਂ ਨੇ ਕਿਸਾਨ ਦੇ ਨਾਲ ਖੜਨ ਦਾ ਫੈਸਲਾ ਕੀਤਾ ਤੇ ਬੈਂਕ ਮੁਲਾਜ਼ਮਾਂ ਨੂੰ ਵਾਪਸ ਜਾਣਾ ਪਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਜਰਨੈਲ ਸਿੰਘ ਸੁਲਤਾਨਪੁਰ, ਬਲਵੰਤ ਸਿੰਘ ਘਨੌਰੀ ਕਲਾ, ਮਹਿੰਦਰ ਸਿੰਘ ਭਸੌੜ, ਜੋਰਾ ਸਿੰਘ ਕੰਧਾਰਗੜ੍ਹ ਛੰਨਾ, ਕਰਮਜੀਤ ਸਿੰਘ ਬੇਨੜਾ, ਮਨਜੀਤ ਸਿੰਘ ਜਹਾਂਗੀਰ,ਸੇਵਕ ਸਿੰਘ ਬਾਦਸ਼ਾਹਪੁਰ, ਦਰਬਾਰਾ ਸਿੰਘ ਛਾਂਜਲੀ, ਦਰਬਾਰਾਂ ਸਿੰਘ ਕਾਂਝਲੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸਰਕਾਰੀ ਮਿਡਲ ਸਕੂਲ ਬੱਗਾ ਵਿਖੇ ਬੱਚਿਆਂ ਨੂੰ ਆਇਰਨ ਦੀਆਂ ਗੋਲੀਆਂ ਵੰਡੀਆਂ




**ਚੌਕ ਮਹਿਤਾ, 17 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਸਰਕਾਰ ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਤਰਸਿੱਕਾ ਐੱਸਐੱਮਓ ਡਾ. ਮੋਨਾ ਚਤਰਥ ਦੀ ਰਹਿਨੁਮਾਈ ਹੇਠ ਸਕੂਲ ਹੈਲਥ ਸਰਵਿਸਸ ਅਧੀਨ ਸਰਕਾਰੀ ਮਿਡਲ ਸਕੂਲ ਬੱਗਾ ਵਿਖੇ ਬੱਚਿਆਂ ਨੂੰ ਆਇਰਨ ਅਤੇ ਫੌਲਿਕਏਸਿਤ ਦੀਆਂ ਗੋਲੀਆਂ ਵੰਡੀਆਂ ਗਈਆਂ,ਜੋ ਕਿ ਬੱਚਿਆਂ ਦੀ ਸਿਹਤ ਲਈ ਬਹੁਤ ਜ਼ਰੂਰੀ ਹਨ ਅਤੇ ਬੱਚਿਆਂ ਦਾ ਖ਼ੂਨ ਵਧਾਉਂਦੀਆਂ ਹਨ। ਅਧਿਆਪਕਾਂ ਨੂੰ ਹਰ ਰੋਜ਼ ਬੱਚਿਆਂ ਨੂੰ ਖਾਣੇ ਤੋਂ ਬਾਅਦ ਇੱਕ ਗੋਲੀ ਦੇਣ ਲਈ ਕਿਹਾ ਗਿਆ। ਇਸ ਸਬੰਧੀ ਮੈਡਮ ਅਮਨਪ੍ਰੀਤ ਕੌਰ ਸੀਐਚਓ ਵਲੋਂ ਬੱਚਿਆਂ ਨੂੰ ਹਰ ਰੋਜ਼ ਇਕ ਗੋਲੀ ਖਾਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਗੋਲੀ ਦੀ ਅਹਿਮੀਅਤ ਸਮਝਾਉਂਦੇ ਹੋਏ ਬੱਚਿਆਂ ਨੂੰ ਗੋਲੀ ਸੁੱਟਣ ਤੋਂ ਮਨ੍ਹਾ ਕੀਤਾ ਗਿਆ ਇਸ ਮੌਕੇ ਸੁਖਚੈਨ ਸਿੰਘ ਹੈਲਥ ਵਰਕਰ, ਉਪਜੀਤ ਕੌਰ ਏਐੱਨਐੱਮ, ਸਕੂਲ ਇੰਚਾਰਜ ਗੁਰਕ੍ਰਿਪਾਲ ਸਿੰਘ, ਅਧਿਆਪਕ ਸੁਨੀਤਾ ਸੈਣੀ, ਲਵਪ੍ਰੀਤ ਸਿੰਘ ਅਤੇ ਮਨਦੀਪ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## 19 ਸਤੰਬਰ 2024 ਨੂੰ ਲੱਗੇਗਾ ਰੋਜ਼ਗਾਰ ਮੇਲਾ

**ਫ਼ਿਰੋਜ਼ਪੁਰ, 17 ਸਤੰਬਰ : (ਸੁਖਮੰਦਰ ਸਿੰਘ ਸ਼ਾਤ )**-ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 19 ਸਤੰਬਰ 2024 (ਵੀਰਵਾਰ) ਨੂੰ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਦਿਲਬਾਗ ਸਿੰਘ, ਜ਼ਿਲ੍ਹਾ ਰੋਜ਼ਗਾਰ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਨੇ ਦੱਸਿਆ ਕਿ 19 ਸਤੰਬਰ 2024 ਨੂੰ ਪੇਟੀਅਮ ਕੰਪਨੀ ਵੱਲੋਂ ਇੰਟਰਵਿਊ ਕੀਤੀ ਜਾਵੇਗੀ। ਪੇਟੀਅਮ ਕੰਪਨੀ ਵੱਲੋਂ ਸੇਲਜ਼ ਐਗਜੀਕਿਊਟ ਲਈ ਇੰਟਰਵਿਊ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਇੰਟਰਵਿਊ ਵਿੱਚ ਬਾਰਵੀਂ ਪਾਸ ਪ੍ਰਾਰਥੀ ਕੇਵਲ ਲੜਕੇ ਭਾਗ ਲੈ ਸਕਦੇ ਹਨ ਅਤੇ ਇੰਟਰਵਿਊ ਲਈ ਉਮਰ ਹੱਦ 18 ਤੋਂ 35 ਸਾਲ ਹੋਣੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚਾਹਵਾਨ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਫਰੈਸ਼ਰ ਅਤੇ ਤਜ਼ਰਬੇਕਾਰ ਹਿੱਸਾ ਲੈ ਸਕਦੇ ਹਨ। ਇਸ ਇੰਟਰਵਿਊ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਲਈ ਆਪਣੀ ਵਿਦਿਅਕ ਯੋਗਤਾ ਦੇ ਸਰਟੀਫਿਕੇਟ, ਰੀਜ਼ਿਊਮ, ਆਧਾਰ ਕਾਰਡ, ਪੈਨ ਕਾਰਡ, ਡਰਾਇਵਿੰਗ ਲਾਇਸੰਸ, ਪੁਲਿਸ ਵੈਰੀਫਿਕੇਸ਼ਨ ਅਤੇ ਉਨ੍ਹਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣਾ ਲਾਜ਼ਮੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 10:00 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਫ਼ਿਰੋਜ਼ਪੁਰ ਦੇ ਆਈ-ਬਲਾਕ, ਦੂਜੀ ਮੰਜਿਲ ਵਿਖੇ ਸਥਿਤ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫ਼ਿਰੋਜ਼ਪੁਰ ਵਿਖੇ ਲਗਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਹੈਲਪਲਾਈਨ ਨੰਬਰ 94654-74122 ਤੇ ਸੰਪਰਕ ਕਰ ਸਕਦੇ ਹਨ।

### ਸਟੇਟ ਅਵਾਰਡੀ ਪ੍ਰਿੰਸੀਪਲ ਸ਼੍ਰੀਮਤੀ ਪੁਨੀਤ ਪੁਰੀ ਜੀ ਦਾ

# ਅੱਖਰ ਮੰਚ ਵੱਲੋਂ ਵਿਸ਼ੇਸ਼ ਸਨਮਾਨ



**ਚੌਕ ਮਹਿਤਾ, 17ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀਮਤੀ ਪੁਨੀਤ ਪੁਰੀ ਜੀ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਨੂਰਪੁਰ ਲੁਬਾਣਾ ਜੀ ਨੇ ਐਮ. ਏ (ਅੰਗਰੇਜ਼ੀ ਅਤੇ ਪੰਜਾਬੀ) ਡੀ.ਏ.ਵੀ ਕਾਲਜ ਜਲੰਧਰ ਤੋਂ ਕੀਤੀ॥ ਉਹਨਾਂ ਨੇ ਆਪਣੀ ਬੀ.ਐਡ ਅਤੇ ਐਮ.ਐਡ ਦੀ ਡਿਗਰੀ ਸਰਕਾਰੀ ਕਾਲਜ ਆਫ ਐਜੂਕੇਸਨ ਤੋਂ 1994 ਚ ਪਾਸ ਕੀਤੀ॥ ਆਪਣੀ ਪੂਰੀ ਪੜਾਈ ਦੇ ਦੌਰਾਨ ਹੀ ਉਹ ਗੋਲਡ ਮੈਡਲਿਸਟ ਰਹੇ॥ ਸਰਕਾਰੀ ਨੌਕਰੀ ਚ ਆਉਣ ਤੋਂ ਪਹਿਲਾਂ ਉਹਨਾਂ ਨੇ ਹਿੰਦੂ ਕੰਨਿਆਂ ਕਾਲਜ ਕਪੂਰਥਲਾ ਅਤੇ ਐਮ.ਜੀ.ਐਸ.ਐਮ ਜਨਤਾ ਕਾਲਜ ਕਰਤਾਰਪੁਰ ਵਿਖੇ ਬਤੌਰ ਅੰਗਰੇਜ਼ੀ ਲੈਕਚਰਾਰ ਆਪਣੀਆਂ ਸੇਵਾਵਾਂ ਨਿਭਾਈਆਂ॥ ਸਾਲ 1996 ਚ ਉਹ ਡਾਇਟ ਸ਼ੇਖੂਪੁਰ (ਕਪੂਰਥਲਾ ) ਵਿਖੇ ਡਾਇਰੈਕਟ ਅੰਗਰੇਜ਼ੀ ਲੈਕਚਰਾਰ ਨਿਯੁਕਤ ਹੋਏ। ਸਾਲ 1998 ਚ ਉਹਨਾਂ ਦਾ ਤਬਾਦਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਤਾਰਪੁਰ ਵਿਖੇ ਹੋਇਆ॥ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਤਾਰਪੁਰ ਚ ਉਹਨਾਂ ਨੇ ਦਸੰਬਰ 2017 ਤੱਕ ਬਤੌਰ ਅੰਗਰੇਜ਼ੀ ਲੈਕਚਰਾਰ ਸੇਵਾਵਾਂ ਨਿਭਾਈਆਂ॥ 26 ਦਸੰਬਰ 2017 ਨੂੰ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਲੁਬਾਣਾ ਵਿਖੇ ਬਤੌਰ ਪ੍ਰਿੰਸੀਪਲ ਨਿਯੁਕਤ ਹੋਏ ਅਤੇ ਜਿੱਥੇ ਹੁਣ ਤੱਕ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ॥ ਵਿਦਿਅਕ ਖੇਤਰ ਚ ਵਧੀਆ ਕਾਰਗੁਜ਼ਾਰੀ ਕਾਰਨ ਉਹਨਾਂ ਨੂੰ 29 ਮਈ 2017 ਚ ਮਾਲਤੀ ਗਿਆਨਪੀਠ ਪੁਰਸਕਾਰ ਮਾਨਯੋਗ ਰਾਸ਼ਟਰਪਤੀ ਪ੍ਰਣਬ ਮੁਖਰਜੀ ਜੀ ਵੱਲੋ ਪ੍ਰਾਪਤ ਹੋਇਆ॥ ਵਿਦਿਅਕ ਖੇਤਰ ਚ ਉਹਨਾ ਵੱਲੋ ਪਾਏ ਗਏ ਵਡਮੁੱਲੇ ਯੋਗਦਾਨ ਬਦੌਲਤ ਉਹਨਾਂ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਬੈਸਟ ਐਡਮਿਨਸਟਰੇਟਿਵ ਅਵਾਰਡ ਦਿੱਤਾ ਗਿਆ॥ ਸਿੱਖਿਆ ਦੇ ਹਰ ਖੇਤਰ ਚ ਉਹਨਾਂ ਵੱਲੋ ਪਾਏ ਗਏ ਵਡਮੁੱਲੇ ਯੋਗਦਾਨ ਬਦੌਲਤ ਉਹਨਾਂ ਨੂੰ ਸਿੱਖਿਆ ਵਿਭਾਗ ਵੱਲੋਂ ਸਮੇਂ ਸਮੇਂ ਤੇ ਪ੍ਰਸੰਸਾਂ ਪੱਤਰ ਦੇ ਕਿ ਨਿਵਾਜਿਆ ਗਿਆ॥ ਪਿੰਡ ਦੇ ਪਤਵੰਤੇ ਸੱਜਣ , ਐਨ ਆਰ ਆਈ ਅਤੇ ਆਈ.ਟੀ.ਸੀ ਕੰਪਨੀ ਦੇ ਸਹਿਯੋਗ ਸਦਕਾ 80 ਲੱਖ ਤੋ ਵੱਧ ਦੀ ਰਾਸ਼ੀ ਖਰਚ ਕਿ ਸਕੂਲ ਦੀ ਨੁਹਾਰ ਬਦਲ ਦਿੱਤੀ ਗਈ॥ ਸਕੂਲ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਵੱਲੋ ਪਿੰਡ ਦੀ ਪੰਚਾਇਤ ਨੂੰ ਬਾਲ ਹਿਤੈਸ਼ੀ ਗ੍ਰਾਮ ਪੰਚਾਇਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ॥ ਡਾਕਟਰ ਪ੍ਰਗਵਾਨ ਡੰਗਵਾਲ ਜੀ ਨੇ ਆਪਣੀ ਪ੍ਰਸਿੱਧ ਕਿਤਾਬ " women steer community Development "ਚ ਭਾਰਤ ਦੀਆਂ 11 ਪ੍ਰਸਿੱਧ ਸ਼ਕਤੀਸਾਲੀ ਔਰਤਾਂ ਦਾ ਜ਼ਿਕਰ ਉਹਨਾਂ ਚ ਇਕ ਨਾਮ ਪ੍ਰਿੰਸੀਪਲ ਪੁਨੀਤ ਪੁਰੀ ਜੀ ਦਾ ਵੀ ਹੈ॥

# ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਐਸ ਐਮ ਓ ਡਾ:ਰਸ਼ਮੀ ਵਿਜ ਸਨਮਾਨਿਤ

**ਚੌਕ ਮਹਿਤਾ, 17 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਨਵ ਨਿਯੁਕਤ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਸ਼ਮੀ ਵਿਜ ਨੂੰ ਅਹੁਦਾ ਸੰਭਾਲਣ ਤੇ ਵਧਾਈ ਅਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਸਿਵਲ ਹਸਪਤਾਲ ਅੰਮ੍ਰਿਤਸਰ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਵਰਨਜੀਤ ਧਵਨ ਅਤੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਸਟੇਟ ਪ੍ਰਧਾਨ ਆਚਾਰੀਆ ਗੁਰੂ ਮੀਤ ਸੁਪਰਟੈਂਡੰਟ, ਜਰਨਲ ਸਕੱਤਰ ਸ੍ਰੀ ਸੰਜੀਵ ਆਨੰਦ ਸੀਨੀਅਰ ਚੀਫ਼ ਫਾਰਮੇਸੀ ਅਫ਼ਸਰ, ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਰੰਧਾਵਾ ਮੇਟਰਨ, ਜ਼ਿਲ੍ਹਾ ਪ੍ਰਧਾਨ ਰਘੂ ਤਲਵਾੜ ਅਤੇ ਸਿਵਲ ਹਸਪਤਾਲ ਅੰਮ੍ਰਿਤਸਰ ਦੀ ਐਸ ਐਮ ਓ ਦੀ ਇਸੇ ਹੀ ਪੋਸਟ ਤੋਂ ਸੇਵਾ ਮੁਕਤ ਹੋਏ ਡਾਕਟਰ ਮਦਨ ਮੋਹਨ ਵਿਸ਼ੇਸ਼ ਤੌਰ ਤੇ ਪਹੁੰਚੇ ਉਨ੍ਹਾਂ ਨੇ ਡਾਕਟਰ ਰਸ਼ਮੀ ਵਿਜ ਨੂੰ ਅਹੁੱਦਾ ਸੰਭਾਲਣ ਤੇ ਜੀ ਆਇਆਂ ਨੂੰ ਕਹਿੰਦੇ ਹੋਏ ਵਧਾਈ ਵੀ ਦਿੱਤੀ ਐਸੋਸ਼ੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੇਟਰਨ ਰੰਧਾਵਾ ਵੱਲੋਂ ਕਿਹਾ ਗਿਆ ਕਿ ,ਸਾਡੀ ਐਸੋਸੀਏਸ਼ਨ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਸ਼ਮੀ ਵਿਜ ਦੇ ਹਰ ਚੰਗੇ ਕੰਮ ਵਿੱਚ ਵੱਧ ਚੜ੍ਹ ਕੇ ਸਾਥ ਦੇਵੇਗੀ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਵੱਲੋਂ ਡਾਕਟਰ ਰਸ਼ਮੀ ਵਿਜ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ ਅਤੇ ਮੂੰਹ ਮਿੱਠਾ ਵੀ ਕਰਵਾਇਆ ਗਿਆ।




# ਵਿਦਿਆਰਥੀ ਅਤੇ ਨਸ਼ੇ

## ਮਾਸਟਰ ਮੋਹਣ ਸਿੰਘ ਖਰੌੜ ਦੌਣ ਖੁਰਦ



**ਨਸ਼ਾ** ਇੱਕ ਅਜਿਹਾ ਜ਼ਿਹਰੀਲਾ ਅਤੇ ਨਸ਼ੀਲਾ ਪਦਾਰਥ ਹੁੰਦਾ ਹੈ ਜੋ ਮਨੁੱਖੀ ਜੀਵਨ ਲਈ ਬੇਹੱਦ ਘਾਤਕ ਸਿੱਧ ਹੁੰਦਾ ਹੈ ।ਇਹ ਦਿਮਾਗ. ਦੇ ਨਾੜੀ ਤੰਤਰ ਨੂੰ ਨਸ਼ਟ ਕਰਕੇ ਮਨੁੱਖ ਨੂੰ ਮਾਨਸਿਕ ਤੌਰ ਤੇ ਕਮਜੋਰ ਹੋਣ ਦਾ ਕਾਰਨ ਬਣਦਾ ਹੈ ।ਇਹ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਨਿੰਦਣਾ ਯੋਗ ਬਣਾ ਦਿੰਦਾ ਹੈ ।ਨਸ਼ਾ ਬੇਲੋੜੀ ਉਕਸਾਹਟ ਪੈਦਾ ਕਰਕੇ ਵਕਤੀ ਤੌਰ ਤੇ ਇਨਸਾਨ ਨੂੰ ਝੂਠਾ ਸੁੱਖ ਅਤੇ ਹੁਲਾਰਾ ਦੇ ਕੇ ਨਕਲੀ ਖੁਸ਼ੀ ਦਾ ਭਰਮ ਪੈਦਾ ਕਰਦਾ ਹੈ ।

ਸੰਸਾਰ ਪੱਧਰ ਤੇ ਵਿਦਿਆਰਥੀਆਂ ਵਿੱਚ ਵੱਧ ਰਿਹਾ ਨਸ਼ਿਆਂ ਦਾ ਸੇਵਨ ਚਿੰਤਾਜਨਕ ਹੈ ।ਸ਼ਰਾਬ, ਨਸ਼ੀਲੀਆਂ ਗੋਲੀਆਂ, ਤੰਬਾਕੂ, ਹੈਰੋਇਨ, ਅਫੀਮ ਅਤੇ ਹੋਰ ਪਤਾ ਨਹੀਂ ਕੀ ਕੁੱਝ ਸਾਡੀ ਨਵੀਂ ਪੀੜ੍ਹੀ ਨੂੰ ਤਬਾਹੀ ਵੱਲ ਧੱਕ ਰਿਹਾ ਹੈ ।ਕਿਸੇ ਵੀ ਬਿਮਾਰੀ ਦੇ ਇਲਾਜ ਲਈ ਉਸ ਦੇ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ ।ਬੱਚਾ ਜੋ ਕੁੱਝ ਵੀ ਸਿੱਖ ਦਾ ਹੈ ਉਸਦਾ ਮੁਢ ਘਰ ਤੋਂ ਬੱਝਦੈ ਹੈ ।ਇਸ ਤੋਂ ਇਲਾਵਾ ਰੁਝੇਵਿਆਂ ਭਰੀ ਜ਼ਿੰਦਗੀ ਹੋਣ ਕਰਕੇ ਮਾ-ਬਾਪ ਬੱਚਿਆਂ ਵੱਲ ਧਿਆਨ ਨਹੀਂ ਦੇ ਪਾਉਂਦੇ ।ਇਸ ਲਈ ਬੱਚੇ ਆਪਣੇ ਆਪ ਨੂੰ ਅਣਗੌਲਿਆਂ ਮਹਿਸੂਸ ਕਰਨ ਲਗਦੇ ਹਨ ।

÷ਜੈਸੀ ਸੰਗਤਿ ਵੈਸੀ ਰੰਗਤ" ਇੱਕ ਆਮ ਕਹਾਵਤ ਹੈ ।ਪਰਿਵਾਰ ਤੋਂ ਬਾਅਦ ਵਿਦਿਆਰਥੀ ਉਤੇ ਉਸ ਦੀ ਸੰਗਤ ਦਾ ਅਸਰ ਹੁੰਦਾ ਹੈ ਜੋ ਕਿ ਉਹ ਸਹਿਜ ਸੁਭਾਅ ਆਪਣੇ ਦੋਸਤਾਂ ਦੀਆਂ ਆਦਤਾਂ ਗ੍ਰਹਿਣ ਕਰ ਲੈਂਦਾ ਹੈ ।ਸਭਿਆਚਾਰ ਦੇ ਨਾਂ ਤੇ ਜੋ ਗੀਤ ਸੰਗੀਤ ਬੱਚਿਆਂ ਨੂੰ ਸੁਣਨ ਨੂੰ ਮਿਲਦਾ ਹੈ ।ਉਸਦਾ ਅਸਰ ਉਨ੍ਹਾਂ ਦੇ ਮਨ ਤੇ ਬਹੁਤ ਪੈਦਾ ਹੈ ।ਜਦ ਉਹ ਮਿੱਤਰਾਂ ਦੀ ਮੋਟਰ ਤੇ ਕੱਚ ਦੀ ਗਲਾਸੀ ਖੜ ਕੇ, ਦਾਰੂ ਪੀਣਾ ਕੰਮ ਜੱਟਾਂ ਦਾ, ਘਰ ਦੀ ਸ਼ਰਾਬ ਹੋਵੇ , ਚੌਥਾ ਪੈੱਗ ਪਾਕੇ ਬਾਂਹ ਫੜਨੀ ਅਤੇ ਅਜਿਹੇ ਹੋਰ ਗੀਤ ਸੁਣਦੇ ਹਨ ਤਾਂ ਵਿਦਿਆਰਥੀ ਨਕਲੀ ਭਾਵਨਾ ÷ਹੀਰੋਇਜਮ÷ ਤਹਿਤ ਨਸ਼ਿਆਂ ਵੱਲ ਖਿੱਚੇ ਜਾਂਦੇ ਹਨ ।

ਨਸ਼ਿਆ ਦੇ ਵਪਾਰੀ ਤੇ ਉਹਨਾਂ ਦੇ ਏਜੰਟ ਸਕੂਲਾਂ, ਕਾਲਜਾਂ ਨੇੜੇ ਗੇੜੇ ਕੱਢਦੇ ਰਹਿੰਦੇ ਹਨ, ਉਹ ਅਣਭੋਲ ਵਿਦਿਆਰਥੀਆਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ ।ਪਹਿਲਾਂ ਸਿਰਫ਼ ਨਸ਼ੇ ਮੁੰਡੇ ਹੀ ਕਰਦੇ ਸਨ ਹੁਣ ਕੁੜੀਆਂ ਵੀ ਨਸ਼ੇ ਕਰਨ ਦੀਆਂ ਆਦੀ ਹੋ ਚੁੱਕੀਆਂ ਹਨ ।

ਨਸ਼ਿਆ ਦੀ ਬਿਮਾਰੀ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਤਬਾਹੀ ਵੱਲ ਧੱਕ ਦਿੱਤਾ ਹੈ ।ਏਡਜ਼,ਕੈਂਸਰ,ਲੀਵਰ ਅਤੇ ਦਿਲ ਦੀਆਂ ਬਿਮਾਰੀਆਂ ਕਾਰਨ ਹੱਸਦੇ ਵੱਸਦੇ ਘਰ ਉਜੜ ਰਹੇ ਹਨ ।ਸਾਨੂੰ ਪਤਾ ਹੈ ਕਿ ਬੰਜਰ ਧਰਤੀ ਉੱਤੇ ਕੁੱਝ ਨਹੀਂ ਉੱਗਦਾ ।ਨਸ਼ੇ ਵਿਦਿਆਰਥੀਆਂ ਦੇ ਦਿਮਾਗ. ਨੂੰ ਬੰਜਰ ਬਣਾ ਰਹੇ ਹਨ ।ਨਸ਼ਿਆਂ ਦੇ ਵਧਦੇ ਰੁਝਾਨ ਨੂੰ ਰੋਕਣ ਲਈ ਮਾਪਿਆਂ, ਸਮਾਜ ਸੇਵੀ ਸੰਸਥਾਵਾਂ, ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੂੰ ਅੱਗੇ ਆਉਣਾ ਚਾਹੀਦਾ ਹੈ ।ਸਰਕਾਰ ਵੱਲੋਂ ਨਸ਼ਿਆਂ ਰਾਹੀਂ ਰੈਵੇਨਿਊ ਇਕੱਠਾ ਕਰਨ ਦੀ ਥਾਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ ।ਨਹੀਂ ਤਾਂ ਸਾਡੀ ਆਉਣ ਵਾਲੀ ਨਵੀਂ ਪੀੜ੍ਹੀ ਦਾ ਭਵਿੱਖ ਧੁੰਦਲਾ ਰਹੇਗਾ ।

**-ਪਰਗਟ ਸਿੰਘ ਬਲਬੇੜਾ**
9022000070

# ਨਵ ਨਿਯੁਕਤ ਡੀ ਸੀ ਦਾ ਸਵਾਗਤ ਕਰਦਿਆਂ ਫੈਡਰੇਸ਼ਨ ਗਰੇਵਾਲ ਨੇ ਮਾਲਵੇ ਮਾਝੇ ਦੀ ਵੱਡੀ ਮੁਸ਼ਕਲ ਸਬੰਧੀ ਦਿੱਤਾ ਮੰਗ ਪੱਤਰ



**ਫਿਰੋਜ਼ਪੁਰ 17 ਸਤੰਬਰ (ਸੁਖਮੰਦਰ ਸਿੰਘ ਸ਼ਾਤ )**-ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਦੇ ਇੱਕ ਵਫਦ ਵਲੋਂ ਨਵ ਨਿਯੁਕਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪ ਸਿਖਾਂ ਸ਼ਰਮਾ ਨਾਲ ਮੁਲਾਕਾਤ ਕਰਕੇ ਬਤੌਰ ਜ਼ਿਲ੍ਹਾ ਪ੍ਰਸ਼ਾਸਨਕ ਮੁਖੀ ਨਿਯੁਕਤ ਹੋਣ ਤੇ ਜੀ ਆਇਆ ਆਖਦਿਆਂ ਸਵਾਗਤ ਕੀਤਾ ਉੱਥੇ ਨਾਲ ਹੀ ਪੰਜਾਬ ਦੇ ਦੋ ਵੱਡੇ ਖਿੱਤੇ ਮਾਲਵੇ ਅਤੇ ਮਾਝੇ ਦੀ ਸਾਂਝੀ ਮੰਗ ਨੂੰ ਪੂਰਾ ਕਰਨ ਲਈ ਮੰਗ ਪੱਤਰ ਵੀ ਦਿੱਤਾ ਇਸ ਵਫਦ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਦਿਲਬਾਗ ਸਿੰਘ ਵਿਰਕ, ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਕਲਸੀ, ਜ਼ਿਲ੍ਹਾ ਜਨਰਲ ਸਕੱਤਰ ਭਜਨ ਸਿੰਘ, ਮਨਪ੍ਰੀਤ ਸਿੰਘ ਖਾਲਸਾ ਸਹਿਰੀ ਪ੍ਰਧਾਨ, ਗੁਰਨਾਮ ਸਿੰਘ ਸੈਦਾਂ ਰੁਹੇਲਾ ਜਿਲਾ ਸਲਾਹਕਾਰ, ਤਰਸੇਮ ਸਿੰਘ ਗਿੱਲ, ਬਲਰਾਜ ਸਿੰਘ ਦੋਵੇਂ ਸਰਕਲ ਪ੍ਰਧਾਨ, ਰਾਜਬੀਰ ਸਿੰਘ ਵਿਰਕ, ਭੁਪਿੰਦਰ ਸਿੰਘ, ਗੁਰਦੇਵ ਸਿੰਘ, ਕੁਲਦੀਪ ਸਿੰਘ ਹਰਪਾਲ ਸਿੰਘ ਆਦਿ ਨੇ ਫਿਰੋਜ਼ਪੁਰ ਤੋਂ ਮਾਝੇ ਮਾਲਵੇ ਨੂੰ ਜੋੜਨ ਵਾਲੇ ਬੰਡਾਲਾ ਕੋਟ ਬੁੱਢਾ ਵਿਚਕਾਰ ਸਤਲੁਜ ਦਰਿਆ ਤੇ ਬਣੇ ਪੁਲ ਤੱਕ ਸੜਕ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ ਜਦ ਕਿ ਇਸ ਰਸਤੇ ਰਾਹੀਂ ਮਾਝਾ, ਮਾਲਵਾ ਸਮੇਤ ਹਰਿਆਣਾ ਰਾਜਸਥਾਨ ਆਦਿ ਦੇ ਲੋਕਾਂ ਦੀ ਰੋਜ਼ਮਰਾ ਚ ਬਹੁਤ ਵੱਡੀ ਆਵਾਜਾਈ ਚਲਦੀ ਹੈ, ਅਤੇ ਇਸ ਰਸਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ,ਤਰਨ ਤਾਰਨ ਅਤੇ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਹਰ ਰੋਜ਼ ਨਤਮਸਤਕ ਹੋਣ ਜਾਣ ਲਈ ਬਹੁਤ ਨੇੜੇ ਹੈ ,ਅਤੇ ਹੁਣ ਖ਼ਾਸ ਕਰਕੇ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸਲਾਨਾ ਜੋੜ ਮੇਲਾ ਇੱਕ ਅਕਤੂਬਰ ਤੋਂ ਅੱਠ ਅਕਤੂਬਰ ਮਨਾਇਆ ਜਾ ਰਿਹਾ ਜਿਸ ਵਿੱਚ ਬਹੁਤਾਤ ਸੰਗਤਾਂ ਪੈਦਲ ਅਤੇ ਆਪਣੇ ਵੱਡੀ ਗਿਣਤੀ ਵਿੱਚ ਸਾਧਨਾਂ ਰਾਹੀਂ ਦਰਸਨ ਕਰਨ ਜਾਣਾ ਹੈ ਤਾਂ ਇਸ ਰਸਤੇ ਜਿੱਥੇ ਦੋ ਪਹੀਆ ਵਾਹਨ ਲੰਘਣਾ ਵੀ ਮੁਸ਼ਕਲ ਹੈ ਉੱਥੇ ਐਨੀ ਸੰਗਤਾਂ ਨੂੰ ਆਉਣ ਜਾਣ ਚ ਵੱਡੀ ਤਕਲੀਫ ਆਵੇਗੀ,ਇਸ ਲਈ ਇਸ ਸੜਕ ਨੂੰ ਤਰੁੰਤ ਰਿਪੇਅਰ ਕੀਤਾ ਜਾਵੇ,ਇਸ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪ ਸਿਖਾਂ ਸ਼ਰਮਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਲਦ ਇਸ ਸਬੰਧੀ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਮੁਸ਼ਕਲ ਦਾ ਹੱਲ ਕਰਨਗੇ

## ਨਸ਼ਾ ਨੌਜਵਾਨਾਂ ਨੂੰ ਸਰੀਰਕ ਤੌਰ ’ਤੇ ਨਹੀਂ ਮਾਨਸਿਕ ਤੌਰ ’ਤੇ ਵੀ ਨੁਕਸਾਨ ਪਹੁੰਚਾਉਦਾ ਹੈ : ਹਰਪੁਰਾ



**ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸ਼ਨ ਨੂੰ ਅਪੀਲ ਕਰਦਿਆਂ ਉੱਘੇ ਸਮਾਜ ਸੇਵੀ ਜਸਵੰਤ ਸਿੰਘ ਹਰਪੁਰਾ ਨੇ ਕਿਹਾ ਕਿ ਨਸ਼ੇ ਦੇ ਵੱਡੇ ਮਗਰਮੱਛਾਂ ਨੂੰ ਸਖਤੀ ਨਾਲ ਨੱਥ ਪਾਈ ਜਾਵੇ ਅਤੇ ਜਿਹੜੇ ਨੌਜ਼ਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਨੂੰ ਨਸ਼ਾ ਛਡਾਊ ਸੈਂਟਰਾਂ ’ਚ ਦਾਖਲ ਕਰਕੇ ਉਨ੍ਹਾਂ ਦਾ ਨਸ਼ਾ ਛੁਡਵਾਇਆ ਜਾਵੇ ਤਾਂ ਕਿ ਇਕ ਚੰਗੇ ਸਮਾਜ ਦੀ ਸਿਰਜ਼ਣਾ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਹਰ ਪਿੰਡ ਵਿੱਚ ਲੋਕਾਂ ਨੂੰ ਨਸ਼ਿਆਂ ਤੋਂ ਦਰਰਹਿਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਕਾਫੀ ਹੱਦ ਤੱਕ ਇਹ ਮੁਹਿੰਮ ਕਾਰਗਰ ਸਾਬਿਤ ਹੋਵੇ ਹੋ ਸਕੇ।ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੇ ਵੱਖ ਵੱਖ ਪਿੰਡਾਂ ਵਿਚ ਅਜੇ ਵੀ ਕਈ ਨੌਜ਼ਵਾਨ ਸਮੈਕ ਹੈਰੋਇਨ, ਨਸ਼ੀਲੇ ਟੀਕੇ ਅਤੇ ਕੈਪਸੂਲਾਂ ਦਾ ਸੇਵਨ ਕਰਕੇ ਆਪਣਾ ਜੀਵਨ ਬਰਬਾਦ ਕਰਨ ’ਤੇ ਤੁਲੇ ਹੋਏ ਹਨ, ਜਿੰਨ੍ਹਾਂ ਨੂੰ ਸੰਭਾਲਣਾ ਅੱਜ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਜਿਹੜੇ ਨੌਜ਼ਵਾਨਾਂ ਨੇ ਜਿੱਥੇ ਸਮੈਕ ਹੈਰੋਇਨ, ਨਸ਼ੀਲੇ ਟੀਕੇ ਅਤੇ ਕੈਪਸੂਲਾਂ ਦਾ ਤਿਆਗ ਕਰਕੇ ਆਪਣਾ ਜੀਵਨ ਬਦਲਿਆ ਹੈ, ਉਹ ਵਧਾਈ ਦੇ ਪਾਤਰ ਹਨ।

## ਮੁਹੰਮਦ ਸਾਹਿਬ ਦੇ ਜਨਮ ਦਿਨ ’ਤੇ ਮੁਸਲਿਮ ਭਾਈਚਾਰੇ ਨੂੰ ਭਾਈਚਾਰਕ ਸਾਂਝ ਦਾ ਦਿੱਤਾ ਸੁਨੇਹਾ



**ਚੌਕ ਮਹਿਤਾ, 17 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਮੁਸਲਿਮ ਭਾਈਚਾਰੇ ਦੇ ਪਵਿੱਤਰ ਤਿਉਹਾਰ ਈਦ ਮਿਲਾਦੁੰਨਬੀ ਦੇ ਮੌਕੇ ਮੁਹੰਮਦ ਸਾਹਿਬ ਦੇ ਜਨਮ ਦਿਹਾੜੇ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਈਦਗਾਹ ਕਬਰਸਤਾਨ ਪ੍ਰਬੰਧ ਕਮੇਟੀ ਸੁਲਤਾਨ ਵਿੰਡ ਰੋਡ ਤੋਂ ਜਲੂਸ ਕੱਢਿਆ ਇਸ ਦੌਰਾਨ ਦੇਸ਼ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਸ਼ਾਂਤੀ ਲਈ ਅਰਦਾਸ ਕੀਤੀ ਗਈ ਜਾਣਕਾਰੀ ਦਿੰਦੇ ਹੋਏ ਸ਼ਹਿਰੀ ਇਮਾਮ ਮੌਲਾਨਾ ਮੁਜ਼ੱਮਲ ਹੁਸੈਨ ਕਾਦਰੀ ਨੇ ਦੱਸਿਆ ਕਿ ਹਰ ਸਾਲ ਸਾਰੇ ਫਿਰਕੇ ਦੇ ਲੋਕਾਂ ਦੇ ਸਹਿਯੋਗ ਨਾਲ ਇਸੇ ਤਰ੍ਹਾਂ ਦਾ ਵਿਸ਼ਾਲ ਜਲੂਸ ਸੁਲਤਾਨ ਵਿੰਡ ਰੋਡ ਮਸਜਿਦ ਤੋਂ ਸੁਲਤਾਨ ਵਿੰਡ ਗੇਟ ਤੱਕ ਕੱਢਿਆ ਜਾਂਦਾ ਹੈ ਅਤੇ ਫਿਰ ਮਸਜਿਦ ਆ ਕੇ ਸਮਾਪਤ ਹੁੰਦਾ ਹੈ ਇਸ ਮੌਕੇ ਮੁਹੰਮਦ ਰਈਸੁਦੀਨ ਅਤੇ ਇਦਰੀਸ ਆਲਮ ਵੀ ਮਸਜਿਦ ਅੱਡਾ ਗਿਲਵਾਲੀ ਗੇਟ ਤੋਂ ਆਪਣੇ ਜਲੂਸ ਨਾਲ ਪੁੱਜੇ ਸਨ ਇਸ ਜਲੂਸ ਵਿਚ ਸਾਰੇ ਧਰਮਾਂ ਅਤੇ ਸੰਪਰਦਾਵਾਂ ਦੇ ਲੋਕਾਂ ਨੇ ਆਪਸੀ ਸਦਭਾਵਨਾ ਸਦਕਾ ਵੱਖ-ਵੱਖ ਥਾਵਾਂ ’ਤੇ ਲੰਗਰ ਅਤੇ ਛਬੀਲ ਲਗਾਈ। ਇਸ ਦੌਰਾਨ ਥਾਣਾ ਬੀ ਡਵੀਜ਼ਨ ਦੇ ਐਸ.ਐਚ.ਓ ਸਰਦਾਰ ਹਰਿੰਦਰ ਸਿੰਘ ਵੱਲੋਂ ਸਲੀਮ ਭਾਈਚਾਰਾ ਨੂੰ ਸਿਰੋਪਾਓ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਦਰ ਜਲਾਲੂਦੀਨ, ਸ. ਸਲਾਨਾ ਰਾਹੀ, ਸ਼ਾਹਿਦ ਆਲਮ, ਗੁਫਰਾਨ ਆਲਮ, ਤਾਰਿਕ ਅਨਵਰ, ਜ਼ੁਬੇਰ ਆਲਮ ਅਤੇ ਮੁਜਾਹਿਦ ਆਲਮ ਆਦਿ ਹਾਜ਼ਰ ਸਨ।

### ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਫ਼ਿਰੋਜ਼ਪੁਰ ਨੇ ਦਿੱਤਾ ਸਿੱਖਿਆ ਅਫਸਰ ਐਲੀਮੈਂਟਰੀ ਨੂੰ ਮੰਗ ਪੱਤਰ

# ਅਧਿਆਪਕਾਂ ਦੇ ਮਸਲਿਆਂ ਤੇ ਮੁਸ਼ਕਿਲਾਂ ਦਾ ਹੱਲ ਹੋਵੇਗਾ

**ਫ਼ਿਰੋਜ਼ਪੁਰ, 17 ਸਤੰਬਰ (ਮਨੋਹਰ ਲਾਲ)** :— ਗੌਰਮੈਂਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੀ ਜਥੇਬੰਦੀ ਦੇ ਇੱਕ ਵਫਦ ਨੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ ਦੀ ਅਗਵਾਈ ਹੇਠ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਸ੍ਰੀਮਤੀ ਸੁਨੀਤਾ ਰਾਣੀ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ ਅਤੇ ਜਥੇਬੰਦੀ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਸੋਢੀ ਨੇ ਕਿਹਾ ਕਿ ਅਧਿਆਪਕਾਂ ਨੂੰ ਸਕੂਲ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਪੇਸ਼ ਆ ਰਹੀਆਂ ਮੁਸ਼ਕਲਾਂ ਅਤੇ ਮਸਲਿਆਂ ਤੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਨਾਲ ਗੰਭੀਰਤਾ ਨਾਲ ਵਿਚਾਰ ਕੀਤੀ ਗਈ। ਮੰਗ ਪੱਤਰ ਦਾ ਏਜੰਡਾ ਸਾਂਝਾ ਕਰਦਿਆਂ ਉਨ੍ਹਾਂ ਦੱਸਿਆ ਕਿ ਹਰਜਿੰਦਰ ਸਿੰਘ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਭੱਖੜਾ ਬਲਾਕ ਫਿਰੋਜ਼ਪੁਰ—3 ਦੇ 2021 ਤੋਂ ਲਟਕਦੇ ਆ ਰਹੇ ਚਾਰ ਸਾਲਾਂ ਏ.ਸੀ.ਪੀ ਕੇਸ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ, ਲੋੜਵੰਦ ਸਕੂਲਾਂ ਨੂੰ ਲੋੜੀਂਦੀ ਗਰਾਂਟ ਜਾਰੀ ਕੀਤੀ ਜਾਵੇ ਅਤੇ ਗਰਾਂਟ ਨੂੰ ਖਰਚ ਕਰਨ ਲਈ ਢੁੱਕਵਾਂ ਸਮਾਂ ਵੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰੀ—ਪ੍ਰਾਇਮਰੀ ਦੇ ਵਿਦਿਆਰਥੀਆਂ ਦੀਆਂ ਵਰਦੀਆਂ ਦੀ ਗਰਾਂਟ ਪ੍ਰਾਇਮਰੀ ਸਕੂਲਾਂ ਨੂੰ ਜਾਰੀ ਕੀਤੀ ਜਾਵੇ, ਮੈਡੀਕਲ ਰੀ—ਅੰਬਰਸਮੈਂਟ ਕੇਸਾਂ ਨੂੰ ਪਹਿਲ ਅਤੇ ਸੀਨੀਆਰਤਾ ਦੇ ਆਧਾਰ ਤੇ ਬਜਟ ਜਾਰੀ ਕੀਤਾ ਜਾਵੇ, ਉਲਾਸ ਪ੍ਰੋਜੈਕਟ ਦਾ ਕੰਮ ਸਿਰਫ ਪ੍ਰਾਈਮਰੀ ਅਧਿਆਪਕਾਂ ਤੋਂ ਨਾ ਲੈ ਕੇ ਆਂਗਣਵਾੜੀ ਮੁਲਾਜ਼ਮਾਂ ਤੋਂ ਵੀ ਲਿਆ ਜਾਵੇ, ਇੱਕੋ ਹੀ ਡਾਕ ਸਕੂਲਾਂ ਤੋਂ ਵਾਰ—ਵਾਰ ਮੰਗ ਕੇ ਅਧਿਆਪਕਾਂ ਦੀ ਬੇਲੋੜੀ ਖੱਜਲ ਖੁਆਰੀ ਬੰਦ ਕੀਤੀ ਜਾਵੇ, ਹੈੱਡ ਟੀਚਰ ਜਾਂ ਇੰਚਾਰਜ ਅਧਿਆਪਕਾਂ ਨੂੰ ਬੀ.ਐਲ.ਓ ਦੀ ਡਿਊਟੀ ਤੋਂ ਛੋਟ ਦੁਆਈ ਜਾਵੇ, ਸਕੂਲਾਂ ਵਿੱਚ ਸਫਾਈ ਕਰਮਚਾਰੀਆਂ ਅਤੇ ਚੌਕੀਦਾਰਾਂ ਦਾ ਪ੍ਰਬੰਧ ਕੀਤਾ ਜਾਵੇ, ਬਦਲੀਆਂ ਹੋਣ ਉਪਰੰਤ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਵੱਖ—ਵੱਖ ਸਮੱਸਿਆਵਾਂ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਵੇ ਅਤੇ ਕਿਸੇ ਕਾਰਨ ਗਲਤ ਹੋਈਆਂ ਬਦਲੀਆਂ ਬਾਰੇ ਅਧਿਆਪਕਾਂ ਨੂੰ ਸਥਿਤੀ ਸਪਸ਼ਟ ਕੀਤੀ ਜਾਵੇ। ਇਸ ਮੌਕੇ ਗੁਲਜਾਰ ਮਸੀਹ ਨੇ ਕਿਹਾ ਕਿ ਈ.ਟੀ.ਟੀ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਕੁਤਬਪੁਰਾ, ਬਲਾਕ ਮਖੂ ਦੀ ਮੁਅੱਤਲੀ ਦਾ ਕਾਰਨ ਸਪੱਸ਼ਟ ਕੀਤਾ ਜਾਵੇ ਅਤੇ ਮੁਲਾਜ਼ਮ ਦਾ ਪੱਖ ਵੀ ਸੁਣਿਆ ਜਾਵੇ, ਸੀ.ਈ.ਪੀ ਅਤੇ ਮਿਸ਼ਨ ਸਮਰੱਥ ਜਿਹੇ ਪ੍ਰੋਜੈਕਟ ਜੋ ਅਧਿਆਪਕਾਂ ਦੀ ਮਾਨਸਿਕ ਪ੍ਰੇਸ਼ਾਨੀ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਨੁਕਸਾਨ ਦਾ ਕਾਰਨ ਹਨ, ਬੰਦ ਕੀਤੇ ਜਾਣ, ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਮੌਕੇ ਤੇ ਜ਼ਿਲ੍ਹਾ ਪੱਧਰ ਤੇ ਸਨਮਾਨ ਕਰਨ ਸਮੇਂ ਜੋ ਮਾਪਦੰਡ ਅਪਣਾਏ ਜਾਂਦੇ ਹਨ, ਉਹ ਪਬਲਿਕ ਕੀਤੇ ਜਾਣ, ਸਾਲ 2023—2024 ਚ ਲੈਪਸ ਹੋਈਆਂ ਗਰਾਂਟਾਂ ਤੁਰੰਤ ਜਾਰੀ ਕਰਵਾਈਆਂ ਜਾਣ ਤਾਂ ਜੋ ਜਿਨ੍ਹਾਂ ਅਧਿਆਪਕਾਂ ਦਾ ਆਪਣੀ ਜੇਬ ਵਿੱਚੋਂ ਖਰਚਾ ਹੋਇਆ ਹੈ ਉਹ ਉਨ੍ਹਾਂ ਨੂੰ ਵਾਪਸ ਮਿਲ ਸਕੇ। ਉਨ੍ਹਾਂ ਕਿਹਾ ਕਿ ਪਹਿਲ ਸਕੀਮ ਅਧੀਨ ਜਿੰਨਾ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ ਦੇਣ ਲਈ ਚੁਣਿਆ ਗਿਆ ਸੀ, 6 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਵਰਦੀਆਂ ਨਸੀਬ ਨਹੀਂ ਹੋਈਆਂ, ਇਸ ਲਈ ਵਰਦੀਆਂ ਦੀ ਖਰੀਦ ਦਾ ਅਧਿਕਾਰ ਐਸ.ਐਮ.ਸੀ ਕਮੇਟੀ ਨੂੰ ਦਿੱਤਾ ਜਾਵੇ ਅਤੇ ਬਲਾਕ ਫਿਰੋਜਪੁਰ 3 ਅਧੀਨ ਆਉਂਦੇ ਸਕੂਲਾਂ ਦੇ ਅਧਿਆਪਕਾਂ ਨੂੰ ਬਲਾਕ ਦਫਤਰ ਵੱਲੋਂ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਧਿਆਨ ਦਿੱਤਾ ਜਾਵੇ। ਇਸ ਤੋਂ ਇਲਾਵਾ ਵਫਦ ਵਿੱਚ ਸ਼ਾਮਿਲ ਜਥੇਬੰਦੀ ਦੇ ਆਗੂ ਜੀਵਨ ਸ਼ਰਮਾ ਸੀ.ਐਚ.ਟੀ, ਗੁਰਬਚਨ ਭੁੱਲਰ ਸੀ.ਐਚ.ਟੀ ਨੇ ਆਪਣੇ ਸਕੂਲਾਂ ਦੇ ਮਸਲੇ ਸਾਂਝੇ ਕੀਤੇ। ਇਸ ਤੋਂ ਇਲਾਵਾ ਇਸ ਮੌਕੇ ਜਥੇਬੰਦੀ ਦੇ ਵੱਖ—ਵੱਖ ਬਲਾਕਾਂ ਤੋਂ ਅਧਿਆਪਕ ਆਗੂ ਲਖਬੀਰ ਸਿੰਘ ਲੱਖਾ, ਮਨਜੀਤ ਸਿੰਘ ਰੋਮਾਣਾ, ਕੁਲਵੰਤ ਸਿੰਘ, ਸੁਖਵਿੰਦਰ ਭੁੱਲਰ, ਕਾਰਜ ਸਿੰਘ, ਭੁਪਿੰਦਰ ਸਿੰਘ, ਜਸਵਿੰਦਰ ਸਿੰਘ ਪਿਆਰੇਆਣਾ, ਹਰਜਿੰਦਰ ਸਿੰਘ ਗੁਲਾਮੀ ਵਾਲਾ, ਭੁਪਿੰਦਰ ਸਿੰਘ ਚੰਗਾਲੀ ਕਦੀਮ, ਜਗਸੀਰ ਸਿੰਘ, ਬੂਟਾ ਸਿੰਘ, ਸਤਿੰਦਰ ਸਿੰਘ, ਰਾਜੇਸ਼ ਕੁਮਾਰ, ਹਰਿੰਦਰ ਸਿੰਘ ਰਾਜਾ, ਅਨਵਰ ਮਸੀਹ, ਮਾਲਾ ਰਾਮ, ਕੁਲਬੀਰ ਸਿੰਘ ਅਤੇ ਸੁਰਜੀਤ ਸਿੰਘ ਮਖੂ ਹਾਜ਼ਰ ਸਨ। ਅੰਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਥੇਬੰਦੀ ਨੂੰ ਸਭ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਅਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

### ਦੋ ਮਹੀਨੇ ਬੀਤ ਜਾਣ ਤੋਂ ਬਾਅਦ ਵੀ

# ਲਾਗੂ ਨਹੀਂ ਹੋਇਆ ਮੁੱਖ ਮੰਤਰੀ ਦਾ ਹੁਕਮ

ਫ਼ਿਰੋਜ਼ਪੁਰ, 17 ਸਤੰਬਰ (ਮਨੋਹਰ ਲਾਲ) :— ਵੈਟਨਰੀ ਫਾਰਮਸਿਸਟ ਯੂਨੀਅਨ ਪੰਜਾਬ ਦੇ ਅਹੁਦੇਦਾਰਾਂ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਲਗਾਤਰ ਦੋ ਵਾਰ 27 ਜੂਨ ਅਤੇ 1 ਜੁਲਾਈ ਨੂੰ ਜਲੰਧਰ ਵਿਖੇ ਹੋਈ ਸੀ, ਜਿਸ ਵਿਚ ਮੁੱਖ ਮੰਤਰੀ ਨੇ ਰੈਗੂਲਰ ਕਰਨ ਦੀ ਮੰਗ ਨੂੰ ਮੰਨ ਕੇ ਆਉਣ ਵਾਲੀ ਕੈਬਨਿਟ ਦੀ ਮੀਟਿੰਗ ਵਿਚ ਏਜੰਡਾ ਲਿਆਉਣ ਦਾ ਵਾਅਦਾ ਕੀਤਾ ਸੀ ਪ੍ਰੰਤੂ ਦੋ ਮਹੀਨੇ ਬਾਅਦ ਵੀ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ। ਇਹ ਵਿਚਾਰ ਸਾਂਝੇ ਕਰਦਿਆਂ ਵੈਟਨਰੀ ਫਾਰਮਸਿਸਟਾ ਨੇ ਕਿਹਾ ਕਿ ਅਸੀ ਪਿਛਲੇ 18 ਸਾਲਾਂ ਤੋਂ ਨਾ—ਮਾਤਰ ਤਨਖਾਹਾਂ ਤੇ ਠੇਕੇ ਤੇ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਬਣਦੇ ਹੀ ਸਾਰੇ ਵਾਇਦੇ ਭੁੱਲ ਗਏ ਅਤੇ ਸਾਨੂੰ 18 ਸਾਲਾ ਵਿਚ—ਵਿਚ ਲਾਰਿਆਂ ਤੋਂ ਬਿਨ੍ਹਾਂ ਕੁਝ ਵੀ ਹਾਸਿਲ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪਹਿਲਿਆ ਸਰਕਾਰਾਂ ਨਾਲੋਂ ਕੋਈ ਫਰਕ ਨਹੀਂ ਹੈ ਇਹ ਸਿਰਫ ਗੁਮਰਾਹਕੁੰਨ ਪ੍ਰਚਾਰ ਹੀ ਕਰ ਰਹੇ ਹਨ ਜੋ ਕੇ ਹਕੀਕਤ ਤੋਂ ਬਹੁਤ ਦੂਰ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਰੋਮਾਣਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਦੇ ਹੁਕਮਾਂ ਨੂੰ ਅਫਰਸ਼ਾਹੀ ਨਹੀਂ ਮੰਨ ਰਹੀ ਤਾਂ ਬਾਕੀ ਮੰਤਰੀਆਂ ਅਤੇ ਅਹੁਦੇਦਾਰਾਂ ਨੂੰ ਅਸੀਂ ਦੋਸ਼ ਕਿਵੇਂ ਦੇ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਾਡੀ ਇਕ ਵੱਡੀ ਮੀਟਿੰਗ ਸਰਕਾਰ ਦੇ ਤਿੰਨ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਬ੍ਰਹਮਸ਼ੰਕਰ ਜਿੰਪਾ ਅਤੇ ਹਰਪਾਲ ਸਿੰਘ ਚੀਮਾ ਦੀ ਹਾਜਰੀ ਵਿਚ ਮੁੱਖ ਮੰਤਰੀ ਵੱਲੋਂ ਚੀਫ ਸੈਕਟਰੀ, ਪ੍ਰਿੰਸੀਪਲ ਸੈਕਟਰੀ ਅਤੇ ਸੈਕਟਰੀ ਪਸ਼ੂ ਪਾਲਣ ਨੂੰ ਹੁਕਮ ਜਾਰੀ ਕੀਤੇ ਗਏ ਸੀ, ਪ੍ਰੰਤੂ ਮੁੱਖ ਮੰਤਰੀ ਸਾਹਿਬ ਦੇ ਹੁਕਮ ਅੱਜ ਤੱਕ ਲਾਗੂ ਨਹੀਂ ਹੋਏ। ਯੂਨੀਅਨ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਜੇਕਰ ਸਰਕਾਰ ਦਾ ਰਵੱਇਆ ਇਹੋ ਰਿਹਾ ਤਾਂ ਸਮੂਹ ਵੈਟਨਰੀ ਫਾਰਮਿਸਸਟ ਮੁੱਖ ਮੰਤਰੀ ਨੂੰ ਆਪਣੇ ਅਸਤੀਫ਼ਿਆਂ ਦੀ ਪੇਸ਼ਕਸ਼ ਕਰਨਗੇ। ਇਸ ਮੌਕੇ ਗੁਰਪ੍ਰੀਤ ਸਿੰਘ ਰੋਮਾਣਾ ਸੂਬਾ ਪ੍ਰਧਾਨ, ਹਿੰਮਤ ਸਿੰਘ ਬੇਦੀ, ਅਮਰੀਕ ਸਿੰਘ ਬਠਿੰਡਾ, ਜਗਬੀਰ ਸਿੰਘ ਤਰਨਤਾਰਨ, ਮਨਪ੍ਰੀਤ ਸਿੰਘ ਸੰਗਰੂਰ, ਗੁਰਲਾਲ ਸਿੰਘ ਫ਼ਿਰੋਜ਼ਪੁਰ, ਰਵਿੰਦਰ ਸ਼ਰਮਾ, ਅਮਨਜੀਤ ਸਿੰਘ, ਸੁਖਰਾਜ ਸਿੰਘ, ਗਾਗਨਦੀਪ ਸਿੰਘ ਮਾਨਸਾ ਆਦਿ ਹਾਜ਼ਿਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਭੇਂਟ ਕੀਤੀਆਂ ਸ਼ਰਧਾਂਜਲੀਆਂ

ਫ਼ਿਰੋਜ਼ਪੁਰ, 17 ਸਤੰਬਰ (ਮਨੋਹਰ ਲਾਲ) :— ਸਾਰਾਗੜ੍ਹੀ ਦੀ ਜੰਗ ਦੀ 127ਵੀਂ ਬਰਸੀ ਮੌਕੇ ਸਾਰਾਗੜ੍ਹੀ ਚੌਕੀ ਦੇ ਪੋਸਟ ਕਮਾਂਡਰ ਹਵਲਦਾਰ ਈਸ਼ਰ ਸਿੰਘ ਤੋਂ ਬਾਅਦ ਦੂਸਰੇ ਨੰਬਰ ਤੇ ਨਾਇਕ ਲਾਲ ਸਿੰਘ, 36 ਸਿੱਖ ਪਲਟਨ (ਹੁਣ 4 ਸਿੱਖ) ਦੇ ਜਨਮ ਅਸਥਾਨ ਪਿੰਡ ਧੁੰਨ ਢਾਏ ਵਾਲਾ, ਨੇੜੇ ਚੋਹਲਾ ਸਾਹਿਬ, ਜ਼ਿਲਾ ਤਰਨਤਾਰਨ ਸਥਿਤ ਯਾਦਗਾਰ ਵਿਖੇ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਦੌਰਾਨ ਸਾਰਾਗੜ੍ਹੀ ਅਮਰ ਸ਼ਹੀਦ ਨਾਇਕ ਲਾਲ ਸਿੰਘ ਅਤੇ ਸਾਰਾਗੜ੍ਹੀ ਦੇ ਸਮੂਹ ਸੂਰਬੀਰ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਸ਼ਰਧਾਂਜਲੀ ਸਮਾਰੋਹ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਢਾਡੀ ਜਥਿਆਂ ਵੱਲੋਂ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਮਰ ਸ਼ਹੀਦ ਨਾਇਕ ਲਾਲ ਸਿੰਘ ਦੀ ਯਾਦਗਾਰ ਉੱਤੇ ਇੰਟੈਕ, ਪੰਜਾਬ ਦੇ ਕਨਵੀਨਰ ਮੇਜਰ ਜਨਰਲ ਬਲਵਿੰਦਰ ਸਿੰਘ, ਵੀ.ਐਸ.ਐਮ (ਰਿਟਾ:) ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪੁਸ਼ਪਾਂਜਲੀ ਭੇਂਟ ਕੀਤੀ ਗਈ, ਉਪਰੰਤ ਸਿੱਖ ਰੈਜੀਮੈਂਟ ਦੀ ਬਟਾਲੀਅਨ 4 ਸਿੱਖ ਅਤੇ 18 ਪੰਜਾਬ ਰੈਜੀਮੈਂਟ ਦੇ ਸੈਨਿਕ ਅਧਿਕਾਰੀਆਂ ਨੇ ਗਾਰਡ ਆਫ਼ ਆਨਰ ਅਤੇ ਸ਼ਰਧਾਂਜਲੀ, ਇੰਟੈਕ ਕਨਵੀਨਰ, ਜ਼ਿਲਾ ਤਰਨਤਾਰਨ ਤੋਂ ਡਾਕਟਰ ਬਲਜੀਤ ਕੌਰ, ਸੂਬੇਦਾਰ ਚਰਨ ਸਿੰਘ, ਕੀਰਤੀ ਚੱਕਰ, ਅਮਰ ਸ਼ਹੀਦ ਨਾਇਕ ਲਾਲ ਸਿੰਘ ਦੇ ਵਾਰਸ ਪਰਿਵਾਰ ਵਿਚੋਂ ਚਰਨਜੀਤ ਸਿੰਘ, ਅਵਤਾਰ ਸਿੰਘ, ਸਰਬਜੀਤ ਸਿੰਘ, ਸੂਬੇਦਾਰ ਰਛਪਾਲ ਸਿੰਘ, ਬਲਾਕ ਪ੍ਰਧਾਨ, ਸੂਬੇਦਾਰ ਮੁਖਤਿਆਰ ਸਿੰਘ, ਹਵਲਦਾਰ ਸੁਰਜੀਤ ਸਿੰਘ, 9 ਸਿੱਖ ਪ੍ਰਧਾਨ, ਸਾਰਾਗੜ੍ਹੀ ਅਮਰ ਸ਼ਹੀਦ ਨਾਇਕ ਲਾਲ ਸਿੰਘ, ਕੈਪਟਨ ਸੁਖਬੀਰ ਸਿੰਘ (ਰਿਟਾ:), ਸਰਦਾਰ ਗੁਰਜੀਤ ਸਿੰਘ ਸੰਧੂ, ਹਰਪ੍ਰੀਤ ਸਿੰਘ, ਬਟਾਲਾ ਅਤੇ ਇਲਾਕੇ ਦੇ ਸਾਬਕਾ ਸੈਨਿਕ ਅਧਿਕਾਰੀ, ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਅਤੇ ਨਿਵਾਸੀਆਂ ਨੇ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਰਾਗੜ੍ਹੀ ਅਮਰ ਸ਼ਹੀਦ ਨਾਇਕ ਲਾਲ ਸਿੰਘ ਵੈਲਫੇਅਰ ਸੁਸਾਇਟੀ (ਰਜਿ:), ਧੁੰਨ ਢਾਏ ਵਾਲਾ, ਬਲਾਕ ਚੋਹਲਾ ਸਾਹਿਬ, ਜ਼ਿਲਾ ਤਰਨਤਾਰਨ ਵੱਲੋਂ ਸ਼ਹੀਦ ਦੇ ਵਾਰਸ ਪਰਿਵਾਰ, ਸਾਬਕਾ ਸੈਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਦਾ ਉਪਰਾਲਾ ਅਤਿ ਸ਼ਲਾਘਾਯੋਗ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਸਾਰਾਗੜ੍ਹੀ ਸ਼ਹੀਦਾਂ ਨੂੰ ਫਿਰੋਜ਼ਪੁਰ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ 12 ਸਤੰਬਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਏ, ਪੰਜਾਬ ਸਰਕਾਰ ਦੇ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਤੋਂ ਇਲਾਵਾ ਪੰਜਾਬ ਵਿੱਚ ਸਾਰਾਗੜ੍ਹੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਸ ਪੱਧਰ ਤੇ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਰਵਾਇਆ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵਲੋਂ ਸਿਵਲ ਹਸਪਤਾਲ ਦਾ ਕੀਤਾ ਅਚਾਨਕ ਦੌਰਾ



**ਚੌਕ ਮਹਿਤਾ, 17 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨਵ ਨਿਯੁਕਤ ਡਿਪਟੀ ਕਮਿਸ਼ਨਰ ਜੀ ਵੱਲੋਂ ਸਰਕਾਰੀ ਸਿਵਲ ਹਸਪਤਾਲ ਅੰਮ੍ਰਿਤਸਰ ਦਾ ਅਚਾਨਕ ਦੌਰਾ ਕੀਤਾ ਗਿਆ। ਇਸ ਮੌਕੇ ਤੇ ਸਿਵਲ ਸਰਜਨ, ਅੰਮ੍ਰਿਤਸਰ ਡਾਕਟਰ ਕਿਰਨਜੀਤ ਕੌਰ, ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ਼ ਡਾਕਟਰ ਸਵਰਨਜੀਤ ਧਵਨ, ਡਾਕਟਰ ਰਸ਼ਮੀ ਵਿਜ ਐਸ ਐਮ ਓ, ਡਾਕਟਰ ਪ੍ਰੀਤ ਵੀਨ ਕੌਰ ਸੰਧੂ ਅਤੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਦੇ ਸਟੇਟ ਪ੍ਰਧਾਨ ਆਚਾਰੀਆ ਗੁਰੂ ਮੀਤ, ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਰੰਧਾਵਾ ਮੇਟਰਨ, ਕਿਰਨਜੀਤ ਕੌਰ ਸਟਾਫ਼, ਸ੍ਰ: ਅਮਰਦੀਪ ਸਿੰਘ ਮਾਸ ਮੀਡੀਆ ਅਫ਼ਸਰ ਆਦਿ ਸਮੇਤ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸਿਵਲ ਸਰਜਨ ਅੰਮ੍ਰਿਤਸਰ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ਼ ਤੋਂ ਇਲਾਵਾ ਐਸੋਸੀਏਸ਼ਨ ਦੇ ਸਟੇਟ ਪ੍ਰਧਾਨ ਆਚਾਰੀਆ ਗੁਰੂ ਮੀਤ ਨੇ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਜੀ ਆਇਆਂ ਨੂੰ ਕਿਹਾ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਨੇ ਸਿਵਲ ਸਰਜਨ ਡਾਕਟਰ ਕਿਰਨਜੀਤ ਕੌਰ ਅਤੇ ਦੋਹਾਂ ਐਸ ਐਮ ਓ, ਆਚਾਰੀਆ ਗੁਰੂ ਮੀਤ ਅਤੇ ਹੋਰ ਸਟਾਫ ਮੈਂਬਰਾਂ ਦੇ ਨਾਲ ਹਸਪਤਾਲ ਦਾ ਰਾਉਂਡ ਕੀਤਾ। ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਹਸਪਤਾਲ ਵਿਖੇ ਆਏ ਹੋਏ ਮਰੀਜ਼ਾਂ ਦਾ ਹਾਲ ਪੁੱਛਿਆ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸਕਲਾਂ ਬਾਰੇ ਪੁੱਛਿਆ। ਉਨ੍ਹਾਂ ਨੇ ਮਰੀਜ਼ਾਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀ ਆਯੁਸ਼ਮਾਨ ਸਕੀਮ ਤਹਿਤ ਲਾਭ ਲੈਣ ਲਈ ਵੀ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿਹਤ ਸੇਵਾਵਾਂ ਨੂੰ ਹੋਰ ਵੀ ਬੇਹਤਰ ਬਣਾਉਣ ਲਈ ਗੱਲ ਬਾਤ ਕੀਤੀ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਦੇ ਸਟੇਟ ਪ੍ਰਧਾਨ ਅਚਾਰੀਆ ਗੁਰੂ ਮੀਤ ਵੱਲੋਂ ਉਨ੍ਹਾਂ ਨੂੰ ਹਸਪਤਾਲ ਵਿਖੇ ਆ ਰਹੀ ਪਾਰਕਿੰਗ ਦੀ ਸਮੱਸਿਆ ਅਤੇ ਸੁਰੱਖਿਆ ਹਿੱਤ ਹਸਪਤਾਲ ਦੀਆਂ ਬਾਹਰਲੀਆਂ ਦੀਵਾਰਾਂ ਨੂੰ ਹੋਰ ਉੱਚਾ ਚੁੱਕਣ ਲਈ ਗੱਲ ਬਾਤ ਕੀਤੀ। ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਡਿਪਟੀ ਕਮਿਸ਼ਨਰ ਨੇ ਲੱਗਭਗ ਇੱਕ ਘੰਟਾ ਸਿਵਲ ਹਸਪਤਾਲ ਦਾ ਨਰੀਖਣ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਨੈਸ਼ਨਲ ਡੇਂਗੂ ਕੰਟਰੋਲ ਪ੍ਰੋਗਰਾਮ ਤਹਿਤ ਵੱਖ-ਵੱਖ ਵਿਭਾਗਾਂ ਵਿੱਚ ਸਪਰੇਅ ਅਤੇ ਜਾਗਰੂਕਤਾ ਗਤੀਵਿਧੀਆਂ



**ਚੌਕ ਮਹਿਤਾ, 17ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨੈਸ਼ਨਲ ਡੇਂਗੂ ਕੰਟਰੋਲ ਪ੍ਰੋਗਰਾਮ ਤਹਿਤ ਦੇ ਸਬੰਧ ਵਿੱਚ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲਾ੍ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਦੀ ਅਗਵਾਹੀ ਹੇਠਾਂ ਮਾਰਕਫੈਡ, ਐਲ.ਆਈ.ਸੀ. ਦਫਤਰਾਂ, ਖੇਤੀਬਾੜੀ ਵਿਭਾਗ ਦੇ ਦਫਤਰਾਂ ਅਤੇ ਪਾਵਰ ਕਾਮ ਖਾਸਾ ਵਿਖੇ ਬ੍ਰੀਡਿੰਗ ਚੈਕਿੰਗ, ਸਪਰੇਅ ਅਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਇਸ ਮੌਕੇ ਸਿਵਲ ਸਰਜਨ ਡਾ ਕਿਰਨ ਦੀਪ ਕੌਰ ਵਲੋਂ ਸਾਰੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਡੇਂਗੂ ਸੀਜ਼ਨ ਨੂੰ ਮੱਖ ਰੱਖਦਿਆ ਜਾਗਰੂਕਤਾ ਗਤੀਵਿਧੀਆਂ ਅਰੰਭ ਕਰ ਦੇਣ ਅਤੇ ਸਿਹਤ ਵਿਭਾਗ ਨੂੰ ਸਹਿਯੋਗ ਕਰਨ। ਉਹਨਾਂ ਕਿਹਾ ਕਿ ਡੇਗੂ ਤੋ ਬੱਚਣ ਲਈ ਸਭ ਤੋ ਜਿਆਦਾ ਜਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ ਅਤੇ ਕਿਤੇ ਵੀ ਪਾਣੀ ਇਕੱਠਾ ਨਾਂ ਹੋਣ ਦਿੱਤਾ ਜਾਵੇ, ਇਸ ਲਈ ਇਹ ਜਰੂਰੀ ਹੈ ਕਿ ਸਾਰੇ ਵਿਭਾਗ ਮਿਲ ਕੇ ਆਪਣੇ-ਆਪਣੇ ਅਧਿਕਾਰ ਖੇਤਰ ਅੰਦਰ ਡੇਂਗੂ ਬਾਰੇ ਸਰਕਾਰੀ ਗਾਈਡ-ਲਾਈਨਾਂ ਦੀ ਪਾਲਣਾਂ ਯਕੀਨੀ ਬਣਾਓਣ ਅਤੇ ਡੇਂਗੂ ਸੰਬਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਓਣ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਹੁਲ ਗਾਂਧੀ ਬਾਰੇ ਬੋਲਣ ਤੋਂ ਪਹਿਲਾਂ ਰਵਨੀਤ ਸਿੰਘ ਬਿੱਟੂ ਆਪਣੀ ਪੀੜੀ ਹੇਠਾਂ ਛੋਟਾ ਫੇਰਨ: ਢਿੱਲੋਂ

ਬਰਨਾਲਾ ( ਰਣਜੀਤ ਸਿੰਘ ਪੇਧਨੀ ) ਰਵਨੀਤ ਬਿੱਟੂ ਜੀ ਜਿਹੜੀ ਬਾਲੀ ਵਿੱਚ ਖਾਧਾ ਹੋਵੇ ਉਸ ਵਿੱਚ ਛੇਕ ਨਹੀਂ ਕਰੀਦੇ" ਇਹ ਨਸੀਹਤ ਜਿਲ੍ਹਾ ਕਾਂਗਰਸ ਬਰਨਾਲਾ ਦੇ ਪ੍ਰਧਾਨ , ਉੱਘੇ ਸਮਾਜ ਸੇਵੀ, ਕਾਗਰਸ ਪਾਰਟੀ ਦੇ ਪ੍ਰਮੁੱਖ ਉਮੀਦਵਾਰ ਸ, ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਰਾਜ ਮੰਤਰੀ ਅਤੇ ਰਾਜ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਕਾਂਗਰਸ ਪਾਰਟੀ ਖਾਸ ਕਰਕੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਖਿਲਾਫ ਅੱਤਵਾਦੀ ਅਤੇ ਹੋਰ ਟਿੱਪਣੀਆਂ ਕਰਨ ਤੇ ਦਿੰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਨੇ ਰਵਨੀਤ ਸਿੰਘ ਬਿੱਟੂ ਤੇ ਉਸ ਦੇ ਪਰਿਵਾਰ ਨੂੰ ਕੀ ਨਹੀਂ ਦਿੱਤਾ ? ਉਨ੍ਹਾਂ ਕਿਹਾ ਕਿ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਬਣਾਉਣ ਉਪਰੰਤ ਤਿੰਨ ਵਾਰ ਲੋਕ ਸਭਾ ਮੈਂਬਰ ਬਣਾਇਆ, ਫਿਰ ਇਨ੍ਹਾਂ ਦੇ ਭਰਾ ਨੂੰ ਪੰਜਾਬ ਪੁਲਿਸ ਵਿੱਚ ਡੀਐਸਪੀ ਲਾਇਆ ਜੋ ਕਿ ਸਿਪਾਹੀ ਭਰਤੀ ਹੋਣ ਦੇ ਕਾਬਲ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਇੰਜ ਜਾਪਦਾ ਹੈ ਜਿਵੇਂ ਰਵਨੀਤ ਸਿੰਘ ਬਿੱਟੂ ਆਪਣਾ ਦਿਮਾਗੀ ਸੰਤੁਲਨ ਗਵਾ ਬੈਠੇ ਹੋਣ ਅਤੇ ਪਾਗਲਾਂ ਵਾਂਗ ਉੱਲ ਜਲੂਲ ਗੱਲਾਂ ਕਰਦੇ ਹੋਣ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣ ਹਾਰਨ ਤੋਂ ਬਾਅਦ ਭਾਜਪਾ ਵਲੋਂ ਇਨਾਮ ਵਜੋਂ ਕੇਂਦਰੀ ਰਾਜ ਮੰਤਰੀ ਬਣਾਉਣਾ ਅਤੇ ਫਿਰ ਰਾਜ ਸਭਾ ਮੈਂਬਰ ਬਣਾਉਣ ਦੇ ਵਜੋਂ ਆਪਣੀ ਮਾਂ ਪਾਰਟੀ ਕਾਂਗਰਸ ਅਤੇ ਉਸ ਦੇ ਆਗੂਆਂ ਵਿਰੁੱਧ ਬਿੱਟੂ ਜਹਿਰ ਉਗਲ ਰਹੇ ਹਨ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਰੋਧੀ ਪਾਰਟੀ ਭਾਜਪਾ ਦੀ ਚਮਚਾਗਿਰੀ ਕਰ ਰਹੇ ਹਨ।



ਆਵਾਜ਼ਿ ਕੌਮ AWAZE QAUM International Newspaper & WEB TV




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)

# ਅੱਤਵਾਦੀ ਕੌਣ ? ਸੰਤ ਭਿੰਡਰਾਂਵਾਲੇ ਜਾਂ ਹਿੰਦ ਸਰਕਾਰ ?



**ਅਮਰ ਸ਼ਹੀਦ** ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਖ਼ਾਲਸਾ ਪੰਥ ਦੇ ਮਹਾਂਨਾਇਕ ਹਨ। ਪਰ ਭਾਰਤ ਸਰਕਾਰ, ਨੈਸ਼ਨਲ ਮੀਡੀਆ ਅਤੇ ਫ਼ਿਰਕੂ ਹਿੰਦੁਤਵੀਆਂ ਵੱਲੋਂ ਉਹਨਾਂ ਨੂੰ ਅੱਤਵਾਦੀ ਕਹਿ ਕੇ ਨਿੰਦਿਆ ਜਾਂਦਾ ਹੈ।ਸਰਕਾਰ ਵੱਲੋਂ ਸੰਤ ਭਿੰਡਰਾਂਵਾਲ਼ਿਆਂ ਉੱਤੇ ਲਾਏ ਜਾਂਦੇ ਇਲਜ਼ਾਮ ਬਿਲਕੁਲ ਨਿਰਅਧਾਰ ਹਨ। ਹੁਣ ਤਾਂ ਆਰ.ਟੀ.ਆਈ. ਰਾਹੀਂ ਵੀ ਇਹ ਖੁਲਾਸਾ ਹੋ ਚੁੱਕਾ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਉੱਤੇ ਕੋਈ ਕੇਸ ਦਰਜ ਨਹੀਂ ਸੀ, ਨਾ ਹੀ ਉਹ ਕਿਸੇ ਅਦਾਲਤ ਨੂੰ ਲੋੜੀਂਦੇ ਸਨ। ਫਿਰ ਉਹ ਭਗੌੜੇ ਜਾਂ ਅੱਤਵਾਦੀ ਕਿਵੇਂ ਹੋਏ ?

ਸਰਕਾਰ ਅਤੇ ਹਿੰਦੁਤਵੀਏ ਝੂਠ ਬੋਲਦੇ ਹਨ ਕਿ ਸੰਤ ਭਿੰਡਰਾਂਵਾਲ਼ੇ ਅਤੇ ਉਹਨਾਂ ਦੇ ਸਾਥੀ ਅੱਤਵਾਦੀ ਸਨ ਤੇ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ 'ਚੋਂ ਬਾਹਰ ਕੱਢਣ ਜਾਂ ਗ੍ਰਿਫ਼ਤਾਰ ਕਰਨ ਲਈ ਹਮਲਾ ਕਰਨਾ ਪਿਆ।ਸੰਤ ਜੀ ਨੂੰ ਅੱਤਵਾਦੀ ਕਹਿ ਕੇ ਗ੍ਰਿਫ਼ਤਾਰ ਕਰਨ ਜਾਂ ਮਾਰਨ ਦਾ ਸਿਰਫ਼ ਬਹਾਨਾ ਘੜਿਆ ਜਾਂਦਾ ਹੈ ਜਦ ਕਿ ਲਾਲਾ ਜਗਤ

ਆਵਾਜ਼ਿ ਕੌਮ
AWAZE QAUM
International Newspaper & WEB TV

ਨਰਾਇਣ ਦੇ ਕਤਲ ਕੇਸ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਜਦੋਂ ਵਰੰਟ ਜਾਰੀ ਹੋਏ ਸਨ ਤਾਂ ਸੰਤਾਂ ਨੇ 20 ਸਤੰਬਰ 1981 ਨੂੰ ਖ਼ੁਦ ਮਹਿਤੇ ਤੋਂ ਗ੍ਰਿਫ਼ਤਾਰੀ ਦਿੱਤੀ ਸੀ।

ਜਦੋਂ 29 ਅਪ੍ਰੈਲ 1984 ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਪੱਤਰਕਾਰਾਂ ਨੇ ਰਾਜੀਵ ਗਾਂਧੀ ਤੋਂ ਪੁੱਛਿਆ ਕਿ 'ਕੀ ਸੰਤ ਭਿੰਡਰਾਂਵਾਲ਼ੇ ਅੱਤਵਾਦੀ ਹਨ।' ਤਾਂ ਉਸਨੇ ਜਵਾਬ ਦਿੱਤਾ ਕਿ 'ਤੁਸੀਂ ਆਪ ਹੀ ਜਾਂਚ ਲਵੋ।' ਫਿਰ ਪੱਤਰਕਾਰਾਂ ਨੇ ਪੁੱਛਿਆ ਕਿ 'ਤੁਹਾਡੇ ਖ਼ਿਆਲ ਵਿੱਚ ਸੰਤ ਭਿੰਡਰਾਂਵਾਲ਼ੇ ਇੱਕ ਰਾਜਸੀ ਨੇਤਾ ਹਨ ?' ਤਾਂ ਰਾਜੀਵ ਨੇ ਜਵਾਬ ਦਿੱਤਾ ਕਿ 'ਉਹ ਇੱਕ ਧਾਰਮਿਕ ਨੇਤਾ ਹਨ ਤੇ ਉਹਨਾਂ ਨੇ ਹੁਣ ਤਕ ਕੋਈ ਰਾਜਸੀ ਝੁਕਾਅ ਪ੍ਰਗਟ ਨਹੀਂ ਕੀਤਾ।' ਹੁਣ ਸੋਚਣ ਤੇ ਵਿਚਾਰਨ ਵਾਲ਼ੀ ਗੱਲ ਇਹ ਹੈ ਕਿ ਸਿਰਫ਼ ਇੱਕ ਮਹੀਨੇ ਬਾਅਦ ਹੀ ਧਾਰਮਿਕ ਨੇਤਾ ਤੋਂ ਸੰਤ ਜੀ ਨੂੰ ਅੱਤਵਾਦੀ ਕਹਿ ਕੇ ਮਾਰਨ ਲਈ ਦਰਬਾਰ ਸਾਹਿਬ 'ਤੇ ਹਮਲਾ ਕਿਉਂ ਕਰ ਦਿੱਤਾ ਗਿਆ!

31 ਦਸੰਬਰ 1983 ਦੇ ਇੰਡੀਆ ਟੂਡੇ 'ਚ ਅਰੁਣ ਸ਼ੋਰੀ ਲਿਖਦਾ ਹੈ ਕਿ "ਜਿੰਨਾ ਮੈਂ ਜਾਣਦਾ ਹਾਂ ਉਹ ਇਹ ਕਿ ਸੰਤ ਇੱਕ ਨਿਰਦੋਸ਼ ਆਦਮੀ ਹੈ ਤੇ ਆਪਣੇ ਧਰਮ ਅਤੇ ਗੁਰੂਆਂ ਦੇ ਦੱਸੇ ਰਸਤੇ ਨੂੰ ਸਮਰਪਿਤ ਹੈ।"

ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਗੁਰਦੇਵ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਤੋਂ ਕਈ ਦਿਨ ਪਹਿਲਾਂ ਗਵਰਨਰ ਨੂੰ ਇਸ ਗੱਲ ਦਾ ਭਰੋਸਾ ਦਿੱਤਾ ਸੀ ਕਿ ਉਹ ਦਰਬਾਰ ਸਾਹਿਬ 'ਚੋਂ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਵਾ ਸਕਦਾ ਹੈ। ਦਰਬਾਰ ਸਾਹਿਬ 'ਤੇ ਹਮਲਾ ਨਾ ਕੀਤਾ ਜਾਵੇ ਪਰ ਉਸ ਦੀ ਕਿਸੇ ਨੇ ਗੱਲ ਨਾ ਸੁਣੀ, ਜਿਸ ਕਰਕੇ ਉਹਨਾਂ ਦੀ ਥਾਂ ਰਮੇਸ਼ ਇੰਦਰ ਸਿੰਘ ਨੂੰ ਡਿਪਟੀ ਕਮਿਸ਼ਨਰ ਲਾ ਦਿੱਤਾ ਗਿਆ ਤੇ ਹਮਲੇ ਲਈ ਦਸਖ਼ਤ ਕਰਵਾਏ ਗਏ। ਸ. ਗੁਰਦੇਵ ਸਿੰਘ ਨੇ ਇਹ ਵੀ ਕਿਹਾ ਸੀ ਕਿ 'ਸੰਤ ਭਿੰਡਰਾਂਵਾਲ਼ੇ ਅਤੇ ਉਹਨਾਂ ਦੇ ਯੋਧੇ ਹੱਥ ਖੜ੍ਹੇ ਨਹੀਂ ਕਰਨਗੇ।'

ਭਾਰਤੀ ਫ਼ੌਜ ਦੇ ਸਾਬਕਾ ਲੈਫ਼ਟੀਨੈਂਟ ਜਨਰਲ ਐੱਸ.ਕੇ. ਸਿਨਹਾ ਆਖਦੇ ਹਨ ਕਿ 'ਜਦੋਂ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਬਾਰੇ ਮੇਰੀ ਰਾਏ ਪੁੱਛੀ ਤਾਂ ਮੈਂ ਇਸ ਫ਼ੈਸਲੇ ਨੂੰ ਗ਼ਲਤ ਕਰਾਰ ਦਿੰਦਿਆਂ ਸਖ਼ਤ ਵਿਰੋਧ ਕੀਤਾ ਸੀ ਜਿਸ ਕਾਰਨ ਮੇਰੀ ਤਰੱਕੀ ਰੁਕ ਗਈ ਤੇ ਅਰੁਣ ਸ੍ਰੀਧਰ ਵੈਦਿਆ ਨੂੰ ਚੀਫ਼ ਜਨਰਲ ਬਣਾ ਦਿੱਤਾ ਗਿਆ।' ਜਨਰਲ ਸਿਨਹਾ ਦਾ ਕਹਿਣਾ ਹੈ ਕਿ 'ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਸਰਕਾਰ ਲਈ ਆਖ਼ਰੀ ਰਾਹ ਨਹੀਂ ਸੀ ਬਲਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤਾਂ ਕਈ ਮਹੀਨੇ ਪਹਿਲਾਂ ਤੋਂ ਹੀ ਤਿਆਰੀਆਂ ਵਿੱਚ ਜੁਟੀ ਹੋਈ ਸੀ, ਹਿਮਾਚਲ ਪ੍ਰਦੇਸ਼ ਚਕਰਾਤਾ ਦੇਹਰਾਦੂਨ ਵਿਖੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਫ਼ੌਜ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ ਤਾਂ ਜੋ ਦਰਬਾਰ ਸਾਹਿਬ 'ਤੇ ਹਮਲਾ ਪੂਰੀ ਵਿਉਂਤਬੰਦੀ ਨਾਲ਼ ਕੀਤਾ ਜਾ ਸਕੇ।

ਪੰਜਾਬ ਦੇ ਗਵਰਨਰ ਪਾਂਡੇ ਨੇ ਵੀ ਆਪਣੇ ਖ਼ਾਸ ਅਫ਼ਸਰਾਂ ਨਾਲ਼ ਮੀਟਿੰਗ ਕਰਕੇ ਇੰਦਰਾ ਗਾਂਧੀ ਨੂੰ ਚਿੱਠੀ ਲਿਖੀ ਕਿ ਦਰਬਾਰ ਸਾਹਿਬ ਫ਼ੌਜ ਨਾ ਭੇਜੀ ਜਾਵੇ ਅਤੇ ਨਾਲ਼ ਹੀ ਪੀ.ਸੀ. ਅਲੈਗਜੈਂਡਰ ਨੂੰ ਵੀ ਫ਼ੋਨ ਕਰਕੇ ਦੱਸਿਆ (ਜੋ ਇੰਦਰਾ ਗਾਂਧੀ ਦਾ ਖ਼ਾਸ ਸੀ) ਪਰ ਜਦੋਂ ਉਹਨਾਂ ਦੀ ਇਸ ਗੱਲ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਪਾਂਡੇ ਨੇ ਅਸਤੀਫ਼ਾ ਦੇ ਦਿੱਤਾ।

ਪ੍ਰੋਫ਼ੈਸਰ ਮਿਹਰ ਚੰਦ ਭਾਰਦਵਾਜ ਨੂੰ ਸਰਕਾਰ ਨੇ ਜਦੋਂ ਅਪ੍ਰੈਲ 1984 ਵਿੱਚ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਦਾ ਮੁਆਇਨਾ ਕਰਨ ਲਈ ਭੇਜਿਆ ਸੀ ਤਾਂ ਉਸ ਨੇ ਸਾਰੀ ਘੋਖ ਕਰਨ ਤੋਂ ਬਾਅਦ ਕਿਹਾ ਕਿ 'ਦਰਬਾਰ ਸਾਹਿਬ ਅੰਦਰ ਕੋਈ ਅੱਤਵਾਦੀ ਨਹੀਂ ਹੈ।' ਤੇ ਉਸ ਨੇ ਸਰਕਾਰ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਿਰੁੱਧ ਚਿਤਾਵਨੀ ਵੀ ਦਿੱਤੀ ਸੀ।

ਜੇਕਰ ਹਥਿਆਰ ਰੱਖਣ ਕਾਰਨ ਹੀ ਸੰਤ ਭਿੰਡਰਾਂਵਾਲ਼ਿਆਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ ਤਾਂ ਹਥਿਆਰ ਰੱਖਣੇ ਤਾਂ ਸਾਡੇ ਗੁਰੂ ਸਾਹਿਬਾਨਾਂ ਦਾ ਹੁਕਮ ਹੈ। ਛੇਵੇਂ ਪਾਤਸ਼ਾਹ ਨੇ ਚਾਰ ਅਤੇ ਦਸਵੇਂ ਪਾਤਸ਼ਾਹ ਨੇ ਜਬਰ-ਜ਼ੁਲਮ ਦੇ ਖ਼ਿਲਾਫ਼ ਚੌਦ੍ਹਾਂ ਜੰਗਾਂ ਲੜੀਆਂ।ਖ਼ਾਲਸਾ ਸੰਤ ਵੀ ਹੈ ਤੇ ਸਿਪਾਹੀ ਵੀ ਹੈ। ਖ਼ਾਲਸਾ ਸ਼ਸਤਰ ਅਤੇ ਸ਼ਾਸਤਰ ਦਾ ਧਾਰਨੀ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਡੇ ਗੁਰੂਆਂ, ਸ਼ਹੀਦਾਂ ਤੇ ਯੋਧਿਆਂ ਦੇ ਅੱਜ ਵੀ ਸ਼ਸਤਰ ਬੰਦੂਕਾਂ, ਕਿਰਪਾਨਾਂ, ਖੰਡੇ-ਚੱਕਰ ਆਦਿਕ ਸੁਭਾਇਮਾਨ ਹਨ। ਸਾਡਾ ਤਾਂ ਜਨਮ ਹੀ ਖੰਡੇ ਦੀ ਧਾਰ 'ਚੋਂ ਹੋਇਆ ਹੈ ਫਿਰ ਉਹਨਾਂ ਹਥਿਆਰਾਂ ਨੂੰ ਅਸੀਂ ਆਪਣੇ ਤੋਂ ਜੁਦਾ ਕਿਵੇਂ ਕਰ ਸਕਦੇ ਹਾਂ!

ਜੇ ਹਥਿਆਰਾਂ ਕਰਕੇ ਹੀ ਹਿੰਦੂ ਸਰਕਾਰ ਸੰਤਾਂ ਨੂੰ ਅੱਤਵਾਦੀ ਆਖਦੀ ਹੈ ਤਾਂ ਹਥਿਆਰ ਤਾਂ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ, ਸ਼ਿਵ ਜੀ, ਦੁਰਗਾ ਅਤੇ ਹੋਰ ਦੇਵੀ-ਦੇਵਤਿਆਂ ਦੇ ਹੱਥਾਂ ਵਿੱਚ ਵੀ ਸਨ। ਸਰਕਾਰ ਕੋਲ਼ ਤਾਂ ਟੈਂਕ, ਤੋਪਾਂ, ਪ੍ਰਮਾਣੂ ਬੰਬ, ਮਸ਼ੀਨਗੰਨਾਂ ਤੇ ਹਰ ਕਿਸਮ ਦੇ ਹਥਿਆਰ ਹਨ ਫਿਰ ਸਭ ਤੋਂ ਵੱਡੀ ਅੱਤਵਾਦੀ ਤਾਂ ਸਰਕਾਰ ਹੋਈ! ਕਾਂਗਰਸੀ ਆਗੂ ਦਿਗਵਿਜੇ ਸਿੰਘ ਨੇ ਕੁਝ ਸਾਲ ਪਹਿਲਾਂ ਬਿਆਨ ਦਿੱਤਾ ਸੀ ਕਿ "ਆਰ.ਐੱਸ.ਐੱਸ. ਦੇ ਹੈੱਡਕੁਆਟਰ ਨਾਗਪੁਰ ਵਿਖੇ ਬੰਬਾਂ ਦੇ ਭੰਡਾਰ ਭਰੇ ਪਏ ਹਨ।" ਫ਼ਿਰਕੂ ਹਿੰਦੁਤਵੀ ਸੰਸਥਾ ਆਰ.ਐੱਸ.ਐੱਸ. ਨੂੰ ਭਾਰਤ ਸਰਕਾਰ ਅੱਤਵਾਦੀ ਕਿਉਂ ਨਹੀਂ ਕਹਿੰਦੀ।

ਜਦੋਂ ਪੈਲਿਸਤੀਨ ਦੇ 200 ਹਥਿਆਰਬੰਦ ਖਾੜਕੂਆਂ ਨੇ ਇੱਕ ਚਰਚ 'ਤੇ ਕਬਜਾ ਕਰ ਲਿਆ ਤਾਂ ਇਜ਼ਰਾਇਲ ਦੀ ਸਰਕਾਰ ਨੇ ਇੱਕ ਮਹੀਨੇ ਤਕ ਘੇਰਾ ਪਾਈ ਰੱਖਿਆ ਅਤੇ ਖਾੜਕੂਆਂ ਦੇ ਆਗੂ ਨਾਲ਼ ਗੱਲਬਾਤ ਜਾਰੀ ਰੱਖੀ ਤਾਂ ਕਿ ਕੋਈ ਹੱਲ ਕੱਢ ਲਿਆ ਜਾਏ ਅਤੇ ਜਾਨੀ-ਮਾਲੀ ਨੁਕਸਾਨ ਹੋਣੋਂ ਬਚ ਜਾਏ ਅਤੇ ਗਿਰਜਾ ਘਰ ਮਹਿਫ਼ੂਜ਼ ਰਹਿ ਸਕੇ। ਪਰ ਭਾਰਤ ਸਰਕਾਰ ਤਾਂ ਸੰਤ ਭਿੰਡਰਾਂਵਾਲ਼ਿਆਂ ਨੂੰ ਖ਼ਤਮ ਕਰਨ ਦੇ ਨਾਲ਼-ਨਾਲ਼ ਸ੍ਰੀ ਦਰਬਾਰ ਸਾਹਿਬ ਦਾ ਨੁਕਸਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹੁਣਾ ਚਾਹੁੰਦੀ ਸੀ ਤੇ ਸਿੱਖਾਂ ਦੇ ਸਵੈਮਾਣ ਨੂੰ ਅਜਿਹੀ ਸੱਟ ਮਾਰਨਾ ਚਾਹੁੰਦੀ ਸੀ ਕਿ ਸਿੱਖ ਕਦੇ ਵੀ ਸਿਰ ਨਾ ਚੁੱਕ ਸਕਣ ਤੇ ਹਮੇਸ਼ਾਂ ਲਈ ਹਿੰਦੂਆਂ ਦੇ ਗ਼ੁਲਾਮ ਬਣ ਜਾਣ। ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ।

ਮਿਤੀ 6 ਜੂਨ ਨੂੰ ਦਰਬਾਰ ਸਾਹਿਬ ਉੱਤੇ ਕਬਜਾ ਕਰਨ ਤੋਂ ਬਾਅਦ 8 ਜੂਨ ਨੂੰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਲੁੱਟਿਆ ਅਤੇ ਸਾੜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੋਲ਼ੀਆਂ ਮਾਰੀਆਂ, ਦੁੱਧ ਪੀਂਦੇ ਬੱਚਿਆਂ ਨੂੰ ਮਾਂਵਾਂ ਤੋਂ ਖੋਹ ਕੇ ਕੰਧਾਂ ਨਾਲ਼ ਪਟਕਾ ਕੇ ਮਾਰਿਆ, ਅਨੇਕਾਂ ਸੰਗਤਾਂ ਨੂੰ ਗ੍ਰਿਫ਼ਤਾਰ ਕਰਕੇ ਘੋਰ ਤਸੀਹੇ ਦਿੱਤੇ ਤੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਗਿਆ। ਭਾਰਤੀ ਹਿੰਦੂ ਫ਼ੌਜ ਬੂਟ ਪਾ ਕੇ ਦਰਬਾਰ ਸਾਹਿਬ 'ਚ ਦਾਖਲ ਹੋਈ, ਅੰਦਰ ਸ਼ਰਾਬਾਂ ਪੀਤੀਆਂ, ਸਰੋਵਰ 'ਚ ਸਿਗਰਟਾਂ ਸੁੱਟੀਆਂ, ਬੀਬੀਆਂ ਦੀ ਪੱਤ ਰੋਲੀ, ਕੀਰਤਨ ਕਰਦੇ ਸਿੰਘ ਵੀ ਸ਼ਹੀਦ ਕਰ ਦਿੱਤੇ। ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਚ ਜੋ ਜ਼ੁਲਮ ਕੀਤਾ ਉਸ ਤੋਂ ਪਤਾ ਲੱਗਦਾ ਹੈ ਕਿ ਅੱਤਵਾਦੀ ਸੰਤ ਭਿੰਡਰਾਂਵਾਲ਼ੇ ਨਹੀਂ ਬਲਕਿ ਭਾਰਤ ਸਰਕਾਰ ਹੈ।

'ਪੰਜਾਬ ਦੇ ਸਿੱਖ' ਕਿਤਾਬ 'ਚ ਪੈਟੀਗਰੂ ਲਿਖਦਾ ਹੈ ਕਿ "ਫ਼ੌਜ ਦਰਬਾਰ ਸਾਹਿਬ ਵਿੱਚ ਕਿਸੇ ਇੱਕ ਵਿਅਕਤੀ ਨੂੰ ਦਬਾਉਣ ਜਾਂ ਮਾਰਨ ਵਾਸਤੇ ਨਹੀਂ ਗਈ ਸਗੋਂ ਇੱਕ ਕੌਮ ਦੇ ਧਰਮ, ਸਵੈਮਾਣ ਤੇ ਸ਼ਕਤੀ ਨੂੰ ਕੁਚਲਣ ਵਾਸਤੇ ਗਈ ਸੀ।" ਫ਼ੌਜ ਦਰਬਾਰ ਸਾਹਿਬ ਵਿੱਚ ਕਿਸੇ ਅੱਤਵਾਦੀ ਨੂੰ ਫੜਨ ਲਈ ਨਹੀਂ ਬਲਕਿ ਅੱਤਵਾਦ ਮਚਾਉਣ ਲਈ ਗਈ ਸੀ। ਜੇ ਸਰਕਾਰ ਨੂੰ ਲੱਗਦਾ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੇ ਹਥਿਆਰਾਂ ਨਾਲ਼ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਤਾਂ ਸਰਕਾਰ ਨੇ ਫ਼ੌਜ ਭੇਜ ਕੇ ਟੈਂਕਾਂ-ਤੋਪਾਂ ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਕੇ ਕਿਹੜੀ ਪਵਿੱਤਰਤਾ ਕਾਇਮ ਕੀਤੀ ਹੈ ? ਮੁਗਲ ਹਾਕਮਾਂ ਤੋਂ ਬਾਅਦ ਹਿੰਦੂ ਹਾਕਮਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਕੀਤੀ ਜਿਸ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ ਤੇ ਸੰਤ ਭਿੰਡਰਾਂਵਾਲ਼ਿਆਂ ਤੇ ਉਹਨਾਂ ਦੇ ਜੁਝਾਰੂ ਸਾਥੀਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਅਤੇ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਾਂਗ ਦਰਬਾਰ ਸਾਹਿਬ ਦੀ ਰਾਖੀ ਕਰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ।

ਕਿਸੇ ਨੂੰ ਖ਼ਤਮ ਕਰਨ ਜਾਂ ਮਾਰਨ ਤੋਂ ਪਹਿਲਾਂ ਬਦਨਾਮ ਕੀਤਾ ਜਾਂਦਾ ਹੈ ਤੇ ਓਹੀ ਕੁਝ ਸਰਕਾਰ ਨੇ ਸੰਤ ਭਿੰਡਰਾਂਵਾਲ਼ਿਆਂ ਉੱਤੇ ਤਰ੍ਹਾਂ-ਤਰ੍ਹਾਂ ਦੇ ਦੋਸ਼ ਮੜ ਕੇ ਕੀਤਾ। ਜੇਕਰ ਅਮਰੀਕਾ ਸਰਕਾਰ 'ਉਸਾਮਾ-ਬਿਨ-ਲਾਦੇਨ' ਨੂੰ ਫੜਨ ਲਈ ਮੱਕੇ ਉੱਤੇ ਹਮਲਾ ਕਰਕੇ ਲੱਖਾਂ ਮੁਸਲਮਾਨ ਮਾਰ ਦੇਵੇ ਤਾਂ ਇਸ ਨੂੰ ਕੌਣ ਸਹੀ ਠਹਿਰਾਏਗਾ ? ਜਦੋਂ ਬੰਬੇ ਤਾਜ ਹੋਟਲ 'ਤੇ ਹਮਲਾ ਹੋਇਆ ਤਾਂ ਓਦੋਂ ਫ਼ੌਜ ਨੇ ਹੋਟਲ ਨੂੰ ਢਹਿ-ਢੇਰੀ ਕਿਉਂ ਨਾ ਕੀਤਾ ? ਕਾਂਗਰਸ ਤੋਂ ਭਾਜਪਾ 'ਚ ਗਿਆ ਮੁੱਖ ਮੰਤਰੀ ਬਿਅੰਤ ਸਿਹੁੰ ਬੁੱਚੜ ਦਾ ਪੋਤਾ ਰਵਨੀਤ ਸਿੰਘ ਬਿੱਟੂ ਜੋ ਹੁਣ ਰਾਹੁਲ ਗਾਂਧੀ ਨੂੰ ਦੇਸ਼ ਦਾ 'ਨੰਬਰ ਵਨ ਅੱਤਵਾਦੀ' ਕਹਿ ਰਿਹਾ ਹੈ। ਕੀ ਭਾਰਤ ਸਰਕਾਰ ਤੇ ਫ਼ੌਜ ਹੁਣ ਰਾਹੁਲ ਗਾਂਧੀ ਦੇ ਘਰ ਉੱਤੇ ਹਮਲਾ ਕਰੇਗੀ ਜਾਂ ਉਸ ਨੂੰ ਮਾਰੇਗੀ ?

ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਸੰਗਤਾਂ ਨੂੰ ਕਿਹਾ ਕਰਦੇ ਸਨ ਕਿ "ਦਾਸ ਨੇ ਤੁਹਾਡੀਆਂ ਬਾਂਹਾਂ ਖੜ੍ਹੀਆਂ ਕਰਾਉਣੀਆਂ, ਤੁਹਾਨੂੰ ਅੱਤਵਾਦੀ ਬਣਾਉਣਾ ਤੇ ਅੱਤਵਾਦੀ ਬਣਨ ਵਾਸਤੇ ਬਾਂਹ ਉਹ ਖੜ੍ਹੀ ਕਰਿਓ ਜਿਹਨੇ ਅੱਤਵਾਦੀ ਵਾਲ਼ਾ ਕੰਮ ਕਰਨਾ, ਦਾਸ ਨੂੰ ਅੱਤਵਾਦੀ ਦਾ ਖ਼ਿਤਾਬ ਗੌਰਮੈਂਟ ਨੇ ਦਿੱਤਾ। ਜਿਹੜਾ ਅੰਮ੍ਰਿਤ ਛਕਾਵੇ ਤੇ ਆਪ ਦਾ ਛਕਿਆ ਹੋਵੇ, ਜਿਹੜਾ ਬਾਣੀ ਆਪ ਪੜ੍ਹਦਾ ਤੇ ਦੂਜਿਆਂ ਨੂੰ ਪੜ੍ਹਾਵੇ, ਆਪ ਕਥਾ ਕਰੇ ਤੇ ਦੂਜਿਆਂ ਤੋਂ ਕਥਾ ਕਰਾਵੇ, ਕਥਾ ਤੇ ਕੀਰਤਨ 'ਤੇ ਸ਼ਰਧਾ ਹੋਵੇ, ਸਤਿਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਬਾਪੂ, ਪਿਓ ਤੇ ਇਸ਼ਟ ਮੰਨਦਾ ਹੋਵੇ, ਧੀਆਂ-ਭੈਣਾਂ ਦੀ ਇੱਜ਼ਤ ਰੱਖਣ ਦਾ ਸਾਂਝੀਵਾਲ ਹੋਣ ਦੀ ਪ੍ਰੇਰਨਾ ਦੇਵੇ, ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਕਰੇ, ਪੰਥ ਦੀ ਡਟ ਕੇ ਹਮਾਇਤ ਕਰੇ ਤੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਵੇ, ਇਹੋ ਜਿਹਾ ਕੰਮ ਕਰਨ ਵਾਲ਼ਿਆਂ ਦਾ ਨਾਮ ਹੈ ਅੱਤਵਾਦੀ, ਗੌਰਮੈਂਟ ਨੇ ਨਾਂਅ ਇਹ ਕਿਹਾ। ਮੈਂ ਇਹੋ ਜਿਹਾ ਅੱਤਵਾਦੀ ਆਂ, ਜਿਹੋ ਜਿਹਾ ਤੁਹਾਨੂੰ ਦੱਸਿਆ ਤੇ ਤੁਹਾਡਿਆਂ ਚਰਨਾਂ ਵਿੱਚ ਮੈਂ ਬੇਨਤੀ ਕਰਦਾ ਹਾਂ, ਜੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ 'ਚ, ਇਸ਼ਟ ਦੇ ਸਤਿਕਾਰ ਨੂੰ ਕਾਇਮ ਰੱਖਣ ਦੇ ਹੱਕ ਵਿੱਚ, ਪੰਥ ਦੀ ਹਮਾਇਤ ਕਰਨ ਦੇ ਹੱਕ ਵਿੱਚ ਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਹੱਕ ਲੈਣ ਦੇ ਹੱਕ ਵਿੱਚ ਤੁਸੀਂ ਸਹਿਮਤ ਹੋ, ਇਹੋ ਜਿਹੇ ਅੱਤਵਾਦੀ ਹੋ ਤੇ ਜਦੋਂ ਮੈਂ ਜੈਕਾਰਾ ਛੱਡਾਂਗਾ ਓਦੋਂ ਬਾਂਹਾਂ ਖੜ੍ਹੀਆਂ ਕਰਿਓ ਤੇ ਜਿਹੜਾ ਚਰਖੇ ਤੇ ਬੱਕਰੀ (ਗਾਂਧੀ) ਦਾ ਸਿੱਖ ਆ, ਜਿਹੜਾ ਰਾਧਾ ਸਵਾਮੀਆਂ ਤੇ ਨਰਕਧਾਰੀਆਂ ਦਾ ਸਿੱਖ ਆ, ਜਿਹੜਾ ਦੇਹਧਾਰੀਆਂ ਤੇ ਪਖੰਡੀਆਂ ਦਾ ਸਿੱਖ ਆ, ਜਿਹੜਾ ਕਬਰ ਤੇ ਮੜ੍ਹੀ ਦਾ ਸਿੱਖ ਆ, ਜੰਡ ਨੂੰ ਸੰਧੂਰ ਭੁੱਕਣ ਤੇ ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ, ਉਹ ਬਾਂਹ ਖੜ੍ਹੀ ਨਾ ਕਰਿਓ, ਜਿਹੜਾ ਸਤਿਗੁਰੂ ਦਾ ਸਿੱਖ ਆ ਤੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ ਵਿੱਚ ਆ, ਪੰਥ ਦਾ ਹਾਮੀ ਆ, ਉਹ ਅੱਤਵਾਦੀ ਬਣਨ। ਯਾਦ ਰੱਖ ਲਿਓ ਇੱਥੇ, ਮੈਂ ਇਹੋ ਜਿਹਾ ਹੀ ਹਾਂ, ਤੇ ਇਹੋ ਜਿਹਾ ਰਹਿਣਾ, ਜ਼ਿੰਦਗੀ ਵਿੱਚ ਹੱਕ ਵੀ ਲੈਣਾ ਪਰ ਇਹ ਹੁਣ ਤੁਸੀਂ ਸੋਚ ਲਿਓ ਅੱਤਵਾਦੀ ਬਣਨਾ ਕਿ ਨਹੀਂ, ਮੈਂ ਤਾਂ ਹਾਂ। ਸੰਤ ਜੀ ਵੱਲੋਂ ਜੈਕਾਰਾ ਬੋਲੇ ਸੋ ਨਿਹਾਲ, ਸੰਗਤ ਵੱਲੋਂ ਹੁੰਗਾਰਾ ਸਤਿ ਸ੍ਰੀ ਅਕਾਲ।"

ਜਦੋਂ ਸੰਤ ਭਿੰਡਰਾਂਵਾਲ਼ਿਆਂ ਉੱਤੇ ਅੱਤਵਾਦੀ ਅਤੇ ਕਾਤਲ ਹੋਣ ਦੇ ਦੋਸ਼ ਲੱਗੇ ਤਾਂ ਉਹਨਾਂ ਨੇ ਤਕਰੀਰ ਕਰਦਿਆਂ ਕਿਹਾ ਕਿ "ਕਾਂਗਰਸ ਦੇ ਏਜੰਟ ਕਹਿਣਾ, ਗ਼ੱਦਾਰ ਕਹਿਣਾ, ਇਹ ਕੌਣ ਕਰ ਰਿਹਾ, ਦੋਫਾੜ ਪਾਉਣ ਵਾਸਤੇ ਪੰਥ ਦੇ ਵਿੱਚ, ਫੁੱਟ ਪੈਦਾ ਕਰਕੇ, ਲੜਾ ਕੇ ਜੁੰਡੋ-ਜੁੰਡੀ ਕਰਾ ਕੇ, ਆਪਣੀ ਕੁਰਸੀ ਨੂੰ ਕਾਇਮ ਰੱਖਣ ਦੀਆਂ ਸਾਜ਼ਿਸ਼ਾਂ ਗੌਰਮੈਂਟ ਵੱਲੋਂ ਜਾਰੀ ਹਨ, ਇਹਨਾਂ ਚੀਜ਼ਾਂ ਤੋਂ ਬਚਣਾ, ਅੰਮ੍ਰਿਤ ਛਕਾਉਣਾ, ਰਹਿਤ ਰਖਾਉਣੀ, ਬਾਣੀ ਪੜ੍ਹਾਉਣੀ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ ਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ, ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਨਾਲ਼ ਜੋੜਨਾ, ਧੀਆਂ-ਭੈਣਾਂ ਦੀ ਲੁੱਟੀ ਇੱਜ਼ਤ, ਮਸੂਮਾਂ ਦਾ ਪੀਤਾ ਖ਼ੂਨ, ਸਤਿਗੁਰੂ ਦੀ ਕੀਤੀ ਬੇਅਦਬੀ, ਇਹਦਾ ਹੱਕ ਲੈਣ ਦੇ ਇਛੁੱਕ ਰਹਿਣਾ ਤੇ ਹੱਕ ਲੈਣ ਦੀ ਨੌਜਵਾਨਾਂ ਨੂੰ ਪ੍ਰੇਰਨਾ ਕਰਨੀ ਤੇ ਨੰਗੇ ਧੜ ਘੁੰਡ ਚੁੱਕ ਕੇ ਘੁੰਡ ਕੱਢ ਕੇ ਨਹੀਂ, ਪੰਥ ਦੀ ਹਮਾਇਤ ਕਰਨ ਦਾ ਐਲਾਨ ਕਰਨਾ। ਤੁਸੀਂ ਮੈਨੂੰ ਦੱਸੋ ਭਾਈ ਜੇ ਇਹ ਕਾਂਗਰਸ ਦੇ ਏਜੰਟਾਂ ਦਾ ਤੇ ਬਾਕੀਆਂ ਦਾ ਫਿਰ ਕੀ ਕੰਮ ਆਂ ? ਜੇ ਇਹ ਕੰਮ ਏਜੰਟਾਂ ਦਾ, ਮੈਂ ਏਜੰਟ ਆਂ। ਜੇ ਇਹ ਕੰਮ ਭੈੜੇ ਬੰਦਿਆਂ ਦਾ, ਮੈਂ ਭੈੜਾਂ। ਜੇ ਇਹ ਕੰਮ ਜਨਸੰਘੀਆਂ ਦਾ, ਮੈਂ ਜਨਸੰਘੀ ਆਂ। ਜੇ ਇਹ ਕੰਮ ਕੱਲੀਆਂ ਦਾ, ਮੈਂ ਕੱਲੀ ਆਂ ਤੇ ਜੇ ਇਹ ਕੰਮ ਅਕਾਲੀਆਂ ਦਾ ਤੇ ਮੈਂ ਅਕਾਲੀ ਤਾਂ ਹੈਗਾਂ ਪਹਿਲਾਂ ਹੀ ਦਸ ਹਜ਼ਾਰ ਬੰਦੇ ਨੂੰ ਆਪ ਪੰਜ ਪਿਆਰਿਆਂ ਦੀ ਸੇਵਾ ਵਿੱਚ ਲੱਗ ਕੇ ਸਤਿਗੁਰੂ ਦੇ ਸਾਹਮਣੇ ਪ੍ਰਣ ਕਰਵਾ ਕੇ ਇੱਕ-ਇੱਕ ਦਿਹਾੜੀ ਵਿੱਚ ਅੰਮ੍ਰਿਤ ਛਕਾਉਣਾ ਤੇ ਫਿਰ ਕਹਿਣਾ ਜੀ ਏਜੰਟ ਆ।"

ਸੰਤ ਜੀ ਕਿਹਾ ਕਰਦੇ ਸਨ ਕਿ "ਜੇ ਧਰਮ ਦਾ ਪ੍ਰਚਾਰ ਕਰਨਾ, ਨੌਜਵਾਨਾਂ ਨੂੰ ਸਿੱਖੀ ਸਰੂਪ 'ਚ ਪ੍ਰਪੱਕ ਕਰਵਾਉਣਾ, ਨਸ਼ੇ ਛੁਡਾਉਣੇ, ਗਾਤਰੇ ਕਿਰਪਾਨ ਪਵਾਉਣੀ, ਧੀਆਂ-ਭੈਣਾਂ ਦੀ ਇੱਜ਼ਤ ਲੁੱਟੇ ਜਾਣ ਤੋਂ ਬਚਾਉਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਨਾ, ਪੰਥ ਅਤੇ ਪੰਜਾਬ ਦੇ ਹੱਕਾਂ ਤੇ ਅਜ਼ਾਦੀ ਲਈ ਆਵਾਜ਼ ਬੁਲੰਦ ਕਰਨਾ, ਇਹ ਕੰਮ ਅੱਤਵਾਦੀਆਂ ਦੇ ਹਨ ਤਾਂ ਮੈਂ ਅੱਤਵਾਦੀ ਹਾਂ।" ਸੰਤ ਜੀ ਆਖਦੇ ਸਨ ਕਿ "ਹਥਿਆਰ ਰੱਖ ਕੇ ਕਿਸੇ ਮਸੂਮ ਨੂੰ ਮਾਰਨਾ, ਕਿਸੇ ਦਾ ਘਰ ਲੁੱਟਣਾ, ਕਿਸੇ ਦੀ ਇੱਜ਼ਤ ਲੁੱਟਣੀ, ਕਿਸੇ 'ਤੇ ਅੱਤਿਆਚਾਰ ਕਰਨਾ, ਸਿੱਖ ਵਾਸਤੇ ਪਾਪ ਆ ਪਰ ਹਥਿਆਰ ਰੱਖ ਕੇ ਆਪਣੇ ਧਰਮ ਦੀ ਰਾਖੀ ਨਾ ਕਰਨਾ ਸਿੱਖ ਦੇ ਲਈ ਇਸ ਤੋਂ ਵੀ ਵੱਡਾ ਪਾਪ ਆ।"

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਜਦੋਂ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਬਣੇ ਤੇ ਉਹਨਾਂ ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ 'ਚ ਵਿਚਰ ਕੇ ਸਿੱਖੀ ਦਾ ਭਾਰੀ ਪ੍ਰਚਾਰ ਕੀਤਾ ਤਾਂ ਸਰਕਾਰ ਘਬਰਾਅ ਗਈ। ਸਰਕਾਰ ਨੇ ਸਿੱਖਾਂ ਨੂੰ ਸ਼ਬਦ ਗੁਰੂ ਨਾਲੋਂ ਤੋੜਨ ਲਈ ਸਿੱਖੀ ਨੂੰ ਕਮਜ਼ੋਰ ਕਰਨ ਲਈ ਨਕਲੀ ਨਿਰੰਕਾਰੀਆਂ ਨੂੰ ਸ਼ਿਹ ਦਿੱਤੀ, 13 ਅਪ੍ਰੈਲ 1978 ਦਾ ਸਾਕਾ ਵਾਪਰਿਆ, 13 ਸਿੰਘਾਂ ਦੀਆਂ ਸ਼ਹਾਦਤਾਂ ਨੇ ਸਿੱਖ ਸੰਘਰਸ਼ ਦਾ ਮੁੱਢ ਬੰਨ੍ਹ ਦਿੱਤਾ, ਫਿਰ ਲਾਲਾ ਜਗਤ ਨਰਾਇਣ ਦੀ ਬਕਵਾਸ, ਹਰਬੰਸ ਲਾਲ ਖੰਨਾ ਵੱਲੋਂ ਸਿੱਖਾਂ ਨੂੰ ਵੰਗਾਰਨਾ, ਭਾਰਤ ਦੀ ਕਾਂਗਰਸੀ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੇ ਹੱਕ ਦਬਾਉਣੇ, ਸਿੱਖਾਂ ਨੂੰ ਹਿੰਦੂਆਂ ਦਾ ਅੰਗ ਕਹਿਣਾ। ਸੰਤ ਭਿੰਡਰਾਂਵਾਲ਼ੇ ਇਹ ਸਾਰੀਆਂ ਘਟਨਾਵਾਂ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਫਿਰ ਸੰਤਾਂ ਦੇ ਸਾਥੀ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਹਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲੈਣਾ ਜਿਸ ਤੋਂ ਬਾਅਦ ਸੰਤ ਭਿੰਡਰਾਂਵਾਲ਼ਿਆਂ ਨੇ 19 ਜੁਲਾਈ 1982 ਨੂੰ ਮੋਰਚਾ ਅਰੰਭਿਆ ਤੇ 4 ਅਗਸਤ 1982 ਨੂੰ ਅਕਾਲੀ ਦਲ ਵੱਲੋਂ ਵੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਦੀ ਪੂਰਤੀ ਲਈ ਇਹ ਮੋਰਚਾ ਅਪਣਾ ਲੈਣਾ।

ਸੰਤ ਭਿੰਡਰਾਂਵਾਲ਼ਿਆਂ ਵੱਲੋਂ ਪੰਥ ਅਤੇ ਪੰਜਾਬ ਦੇ ਹੱਕਾਂ ਲਈ ਦ੍ਰਿੜਤਾ ਸਹਿਤ ਮੋਰਚੇ ਦੀਆਂ ਮੰਗਾਂ 'ਤੇ ਡਟੇ ਰਹਿਣਾ, ਉਲ਼ਟਾ ਸਰਕਾਰ ਵੱਲੋਂ 200 ਸਿੰਘ ਸ਼ਹੀਦ ਕਰ ਦੇਣੇ, ਘੱਲ ਖ਼ੁਰਦ ਵਿੱਚ ਪੁਲਿਸ ਵੱਲੋਂ ਸਿੱਖ ਲੜਕੀ ਨੂੰ ਨਗਨ ਕਰਕੇ ਛਾਤੀਆਂ ਤੋਂ ਫੜ ਕੇ ਘੁਮਾਉਣਾ, ਬੱਚੀਆਂ ਨਾਲ਼ ਬਲਾਤਕਾਰ ਕਰਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਣੀਆਂ, ਬਿੱਛੂ ਰਾਮ ਥਾਣੇਦਾਰ ਵੱਲੋਂ ਸਿੱਖ ਦੀ ਦਾੜ੍ਹੀ ਮੁੰਨ ਦੇਣੀ, ਹਿੰਦੁਤਵੀਆਂ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਦਰਬਾਰ ਸਾਹਿਬ ਦਾ ਮਾਡਲ ਤੋੜਨਾ। ਜਲਸੇ ਵਿੱਚ ਨਾਅਰੇ ਲਾਉਣੇ "ਕੱਛ, ਕੜਾ ਕਿਰਪਾਨ ਭੇਜ ਦਿਆਂਗੇ ਪਾਕਿਸਤਾਨ।" "ਦੁੱਕੀ ਤੁੱਕੀ ਖਹਿਣ ਨ੍ਹੀ ਦੇਣੀ, ਸਿਰ 'ਤੇ ਪੱਗੜੀ ਰਹਿਣ ਨ੍ਹੀਂ ਦੇਣੀ।" ਫਿਰ ਸਰਕਾਰ ਵੱਲੋਂ ਧਰਮ ਯੁੱਧ ਮੋਰਚੇ ਦੀਆਂ ਜਾਇਜ਼ ਮੰਗਾਂ ਨਾ ਮੰਨਣਾ ਤੇ ਉਲ਼ਟਾ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਕੱਸ ਲੈਣਾ, ਇੰਦਰਾ ਗਾਂਧੀ ਵੱਲੋਂ ਬਿਆਨ ਦੇਣਾ ਕਿ 35 ਹਿੰਦੂਆਂ ਦੇ ਹਿੱਸੇ ਇੱਕ-ਇੱਕ ਸਿੱਖ ਆਉਂਦਾ ਆਦਿਕ। ਸਿੱਖਾਂ ਉੱਤੇ ਹੋ ਰਹੇ ਅੱਤਿਆਚਾਰਾਂ ਨੂੰ ਸੰਤ ਜਰਨੈਲ ਸਿੰਘ ਜੀ ਮਹਿਸੂਸ ਕਰ ਰਹੇ ਸਨ, ਧਰਮ ਯੁੱਧ ਮੋਰਚਾ ਛੱਡ ਕੇ ਭੱਜੇ ਨਹੀਂ, ਵਿਕੇ ਨਹੀਂ, ਝੁਕੇ ਨਹੀਂ ਤੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਡਟੇ ਰਹੇ। ਉਹ ਅੱਤਵਾਦੀ ਨਹੀਂ, ਸੱਤਵਾਦੀ ਸਨ, ਪੰਥ ਅਤੇ ਪੰਜਾਬ ਦੇ ਪਹਿਰੇਦਾਰ ਸਨ।

ਜਿਵੇਂ ਮੁਗਲ ਹਕੂਮਤ ਵੇਲ਼ੇ ਸਾਡੇ ਗੁਰੂ ਸਾਹਿਬਾਨਾਂ ਨੂੰ ਬਾਗ਼ੀ ਆਖਿਆ ਜਾਂਦਾ ਸੀ। ਅੰਗਰੇਜ਼ ਹਕੂਮਤ ਸਮੇਂ ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ, ਸ. ਊਧਮ ਸਿੰਘ ਤੇ ਗ਼ਦਰੀ ਬਾਬਿਆਂ ਨੂੰ ਦੋਸ਼ੀ ਆਖ ਕੇ ਫਾਂਸੀਆਂ ਦਿੱਤੀਆਂ ਗਈਆ ਤੇ ਹੁਣ ਹਿੰਦ ਹਕੂਮਤ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਹੋਰ ਧਰਮੀ ਯੋਧਿਆਂ ਨੂੰ ਅੱਤਵਾਦੀ ਆਖ ਕੇ ਬਦਨਾਮ ਕੀਤਾ ਜਾਂਦਾ ਹੈ। ਆਚਰਨ ਤੋਂ ਗਿਰੀ ਹੋਈ ਭਾਜਪਾਈ ਨੇਤਾ ਕੰਗਨਾ ਰਣੌਤ ਵਾਰ-ਵਾਰ ਸੰਤਾਂ ਵਿਰੁੱਧ ਬਕਵਾਸ ਕਰਦੀ ਹੈ। ਪਰ ਸਰਕਾਰ ਜਿੰਨਾ ਮਰਜੀ ਜ਼ੋਰ ਲਾ ਲਵੇ ਉਹ ਸੰਤ-ਸਿਪਾਹੀ, ਧਰਮੀ ਯੋਧੇ, ਬਾਬਾ-ਏ-ਕੌਮ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਰੂਹਾਨੀਅਤ ਅਤੇ ਜਰਨੈਲੀ ਸ਼ਖ਼ਸੀਅਤ ਦਾ ਕੁਝ ਨਹੀਂ ਵਿਗਾੜ ਸਕਦੀ।

ਅੱਵਤਾਦੀ ਤਾਂ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਸੀ ਜਿਸ ਨੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ। ਅੱਤਵਾਦੀ ਤਾਂ ਜਗਦੀਸ਼ ਟਾਇਟਲਰ, ਸੱਜਣ ਕੁਮਾਰ, ਕਮਲ ਨਾਥ, ਲਲਿਤ ਮਾਕਨ, ਅਰਜਨ ਦਾਸ ਆਦਿਕ ਹਨ। ਅੱਤਵਾਦੀ ਤਾਂ ਅਰੁਣ ਸ੍ਰੀਧਰ ਵੈਦਿਆ ਤੇ ਕੁਲਦੀਪ ਬਰਾੜ ਹਨ। ਅੱਤਵਾਦੀ ਤਾਂ ਕੇ.ਪੀ.ਐੱਸ. ਗਿੱਲ ਅਤੇ ਬਿਅੰਤਾ ਬੁੱਚੜ ਸੀ। ਅੱਤਵਾਦੀ ਤਾਂ ਭਾਜਪਾ ਦੇ ਉਹ ਆਗੂ ਹਨ ਜੋ ਸਿੱਖਾਂ ਅਤੇ ਮੁਸਲਮਾਨਾਂ ਦਾ ਕਤਲੇਆਮ ਕਰਨ ਦੀਆਂ ਅਕਸਰ ਹੀ ਮੀਡੀਆ 'ਚ ਧਮਕੀਆਂ ਦਿੰਦੇ ਹਨ। ਅੱਤਵਾਦੀ ਤਾਂ ਮੋਦੀ ਸਰਕਾਰ ਹੈ ਜਿਸ ਦੇ ਕਾਰਨ 700 ਕਿਸਾਨ ਦਿੱਲੀ ਮੋਰਚੇ 'ਚ ਸੰਘਰਸ਼ ਦੇ ਲੇਖੇ ਲਗ ਗਏ। ਅੱਤਵਾਦੀ ਤਾਂ ਕਰਨਲ ਪੁਰੋਹਿਤ ਤੇ ਸਾਧਵੀ ਪ੍ਰਗਿਆ ਹੈ ਜਿਸ ਨੇ ਬੰਬ ਧਮਾਕੇ ਕੀਤੇ। ਅੱਤਵਾਦੀ ਤਾਂ ਮੋਹਨ ਭਾਗਵਤ ਤੇ ਅਡਵਾਨੀ ਵਰਗੇ ਹਨ। ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਨੇ ਕਿਹਾ ਸੀ ਕਿ "ਅਸੀਂ ਅੱਤਵਾਦੀ ਨਹੀਂ ਬਲਕਿ ਹਿੰਦੁਸਤਾਨ ਦੀ ਸਰਕਾਰ ਦੀ ਅੱਤ ਦਾ ਅੰਤ ਕਰਨ ਵਾਲੇ ਹਾਂ।" ਸੰਤ ਭਿੰਡਰਾਂਵਾਲ਼ਿਆਂ ਨੂੰ ਅੱਤਵਾਦੀ ਕਹਿਣ ਵਾਲ਼ੀ ਹਿੰਦੂ ਸਰਕਾਰ ਲਈ ਤਾਂ ਹਰ ਉਹ ਸੱਚਾ ਸਿੱਖ ਅੱਤਵਾਦੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਚੱਲਦਾ ਹੈ। ਇਸ ਗੱਲ ਬਾਰੇ ਹੋਰ ਵਿਸਥਾਰ ਅਗਲੇ ਲੇਖ ਵਿੱਚ ਕਰਾਂਗਾ ਸੰਗਤ ਜੀ।



**- ਰਣਜੀਤ ਸਿੰਘ**
**ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**
ਮੋ: 88722-93883

ਵੱਖ ਵੱਖ ਦੇਸ਼ਾਂ ਦੇ ਖਾਲਿਸਤਾਨੀ ਆਗੂਆਂ ਨੇ ਟਕੇ ਟਕੇ ਤੇ ਵਿਕਣ ਵਾਲੀ ਨਚਾਰ ਕੰਗਣਾ ਰਣੌਤ ਵਲੋਂ

# ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਪ੍ਰਤੀ ਕੀਤੀ ਬੇਹੂਦਾ ਟਿੱਪਣੀ ਦਾ ਲਿਆ ਕਰੜਾ ਨੋਟਿਸ



ਭਾਈ ਕੁਲਵੰਤ ਸਿੰਘ ਮੁਠੱਡਾ ਇੰਗਲੈਂਡ | ਭਾਈ ਗੁਰਦਿਆਲ ਸਿੰਘ ਢਕਾਣਸੂ ਬੈਲਜੀਅਮ | ਭਾਈ ਗੁਰਵਿੰਦਰ ਸਿੰਘ ਨਡਾਲੋਂ ਜਰਮਨ | ਭਾਈ ਗੁਰਮੇਲ ਸਿੰਘ ਢੇਸੀ ਯੂ.ਐਸ.ਏ. | ਭਾਈ ਬਲਵਿੰਦਰ ਸਿੰਘ ਢਿੱਲੋਂ ਇੰਗਲੈਂਡ

ਲੰਡਨ ( ਏਜੰਸੀਆਂ ) ਪਿਛਲੇ ਦਿਨੀ ਇਕ ਨਚਾਰ ਤੇ ਘਟੀਆ ਕਿਸਮ ਦੀ ਔਰਤ ਕੰਗਣਾ ਰਣੌਤ ਵਲੋਂ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਪ੍ਰਤੀ ਕੀਤੀ ਗਈ ਬੇਹੂਦਾ ਟਿੱਪਣੀ ਦਾ ਵੱਖ ਵੱਖ ਦੇਸ਼ਾਂ ਦੇ ਖਾਲਿਸਤਾਨੀ ਆਗੂਆਂ ਵੱਲੋਂ ਕਰੜਾ ਨੋਟਸ ਲਿਆ ਗਿਆ ਇੰਗਲੈਂਡ ਵਿੱਚ ਪਿਛਲੇ ਲੰਬੇ ਸਮੇਂ ਤੋਂ ਰਾਜਸੀ ਸ਼ਰਨ ਤੇ ਰਹਿ ਰਹੇ ਖਾਲਿਸਤਾਨੀ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਜਰਮਨੀ ਤੋਂ ਭਾਈ ਗੁਰਵਿੰਦਰ ਸਿੰਘ ਨਡਾਲੋਂ, ਬੈਲਜੀਅਮ ਤੋਂ ਭਾਈ ਗੁਰਦਿਆਲ ਸਿੰਘ ਢਕਾਣਸੂ, ਅਮਰੀਕਾ ਤੋਂ ਗੁਰਮੇਲ ਸਿੰਘ ਢੇਸੀ, ਯੂ ਕੇ ਤੋਂ ਭਾਈ ਬਲਵਿੰਦਰ ਸਿੰਘ ਡੱਲੇਵਾਲ ਨੇ ਪ੍ਰੈਸ ਨੂੰ ਕੀਤੇ ਜਾਰੀ ਬਿਆਨ ਵਿੱਚ ਨਚਾਰ ਕੰਗਣਾ ਰਨੌਤ ਨੂੰ ਸਖਤ ਤਾੜਨਾ ਕਰਦੇ ਹੋਏ ਆਪਣੀ ਜੁਬਾਨ ਬੰਦ ਕਰਨ ਲਈ ਆਖਿਆ ਗਿਆ ਹੈ ਖਾਲਿਸਤਾਨੀ ਆਗੂਆਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਸਾਡੀ ਸਿੱਖ ਕੌਮ ਦੇ ਹੀਰੋ ਹਨ ਅਤੇ ਉਹ ਹਮੇਸ਼ਾ ਹੀ ਸਾਡੇ ਦਿਲਾਂ ਵਿੱਚ ਵਸਦੇ ਹਨ ਪੂਰੀ ਸਿੱਖ ਕੌਮ ਉਨਾਂ ਦਾ ਸਤਿਕਾਰ ਕਰਦੀ ਹੈ ਅਤੇ ਕਰਦੀ ਰਹੇਗੀ ਖਾਲਿਸਤਾਨੀ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ ਅਤੇ ਭਾਈ ਬਲਵਿੰਦਰ ਸਿੰਘ ਡੱਲੇਵਾਲ ਨੇ ਬੜੇ ਸਖਤ ਲਫਜ਼ਾਂ ਵਿੱਚ ਕਿਹਾ ਕਿ ਪੈਸੇ ਖਾਤਰ ਥਾਂ ਥਾਂ ਤੇ ਨੱਚਣ ਵਾਲੀ ਕੰਗਣਾ ਰਣੌਤ ਜੇਕਰ ਤੈਨੂੰ ਐਮਰਜੰਸੀ ਫਿਲਮ ਵਿੱਚ ਜਿਆਦਾ ਹੀ ਇੰਦਰਾ ਦਾ ਰੋਲ ਨਿਭਾਉਣ ਦਾ ਸ਼ੌਂਕ ਹੈ ਤਾਂ ਇੰਦਰਾ ਦਾ ਹਸ਼ਰ ਵੀ ਯਾਦ ਰੱਖੀਂ ਅਖੀਰ ਵਿੱਚ ਖਾਲਿਸਤਾਨੀ ਆਗੂਆਂ ਵੱਲੋਂ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਐਮਰਜੰਸੀ ਫਿਲਮ ਦਾ ਡੱਟ ਕੇ ਵਿਰੋਧ ਕਰਨ ਅਤੇ ਕਿਸੇ ਵੀ ਸਿਨਮੇ ਵਿੱਚ ਕਿਸੇ ਵੀ ਕੀਮਤ ਤੇ ਫਿਲਮ ਨਾ ਲੱਗਣ ਦਿੱਤੀ ਜਾਵੇ।

ਸੰਤ ਭਿੰਡਰਾਂਵਾਲਿਆਂ ਬਾਰੇ ਕੰਗਣਾ ਵਰਗੀਆਂ ਨਾਚਾਰਾਂ ਦੇ ਸਰਟੀਫਿਕੇਟਾਂ ਦੀ ਲੋੜ ਨਹੀਂ - ਯੂਨਾਈਟਿਡ ਖਾਲਸਾ ਦਲ

# ਜੇਕਰ ਏ.ਕੇ 47 ਵਾਲਾ ਸੰਤ ਨਹੀਂ ਤਾਂ ਤ੍ਰਿਸ਼ੂਲਾਂ ਵਾਲੇ ਭਗਵਾਨ ਕਿਵੇਂ ਹੋ ਸਕਦੇ ਹਨ ?

**ਲੰਡਨ, 17 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕੰਗਣਾ ਰਣੌਤ ਵਲੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਬਾਰੇ ਬੇਹੂਦਾ ਟਿੱਪਣੀਆਂ ਤੇ ਪ੍ਰਤੀਕਿਰਿਆ ਕਰਦਿਆਂ ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਪ੍ਰੈਸ ਬਿਆਨ ਵਿੱਚ ਆਖਿਆ ਗਿਆ ਕਿ ਜੇ ਏ.ਕੇ.47 ਵਾਲਾ ਸੰਤ ਨਹੀਂ ਹੋ ਸਕਦਾ ਤਾਂ ਹੱਥਾਂ ਵਿੱਚ ਤ੍ਰਿਸ਼ੂਲ ਫੜੀ ਜਿਹਨਾਂ ਦੀਆਂ ਮੰਦਰਾਂ ਵਿੱਚ ਮੂਰਤੀਆਂ ਹਨ ਉਹ ਕੰਗਣਾ ਵਰਗੇ ਲੋਕਾਂ ਦੇ ਭਗਵਾਨ ਕਿਵੇਂ ਹੋ ਸਕਦੇ ਹਨ । ਫਿਲਮ ਇੰਡਸਟਰੀ ਵਿੱਚ ਬੁਰੀ ਤਰਾਂ ਫਲਾਪ ਹੋ ਚੁੱਕੀ ਕੰਗਣਾ ਰਣੌਤ ਹਮੇਸ਼ਾਂ ਹੀ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ ਖਿਲਾਫ ਜ਼ਿਹਰ ਉਗਲਦੀ ਰਹਿੰਦੀ ਹੈ ।ਤਰਾਂ ਤਰਾਂ ਦੇ ਵਿਵਾਦਤ ਬਿਆਨ ਦੇ ਕੇ ਸਸਤੀ ਸ਼ੋਹਰਤ ਦੀ ਭੁੱਖੀ ਕੰਗਣਾ ਨੇ ਤਾਂ ਹੱਕੀ ਮੰਗਾਂ ਦੀ ਪੂਰਤੀ ਵਾਸਤੇ ਸੰਘਰਸ਼ੀਲ ਕਿਸਾਨ ਬੀਬੀਆਂ ਖਿਲਾਫ ਬਕਵਾਸ ਕਰਕੇ ਭਾਜਪਾ ਦੀ ਅਜਿਹੀ ਖੁਸ਼ੀ ਹਾਸਲ ਕਰ ਲਈ ਕਿ ਇਸ ਨੂੰ ਭਾਜਪਾਈਆਂ ਨੇ ਮੈਂਬਰ ਪਾਰਲੀਮੈਂਟ ਬਣਾ ਦਿੱਤਾ। ਇਸ ਵਲੋਂ ਵਿਵਾਦ ਪੈਦਾ ਕਰਨ ਵਾਸਤੇ ਐਮਰਜੈਂਸੀ ਨਾਮ ਦੀ ਫਿਰਕੂ ਫਿਲਮ ਬਣਾਈ ਗਈ ਹੈ ।ਜਿਸ ਵਿੱਚ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਨੂੰ ਕਾਂਗਰਸ ਦਾ ਏਜੰਟ ਦਰਸਾਇਆ ਗਿਆ ਹੈ ।ਜੋ ਕਿ ਸਰਾਸਰ ਬਕਵਾਸ ਅਤੇ ਝੂਠ ਹੈ। ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਆਖਿਆ ਗਿਆ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸੰਤਾਂ ਦੇ ਸੰਤ ਅਤੇ ਜਰਨੈਲਾਂ ਦੇ ਜਰਨੈਲ ਹੋਏ ਹਨ । ਜਿਹਨਾਂ ਦੀ ਪਵਿੱਤਰ ਯਾਦਾਂ ਸਾਡੇ ਸਾਹਾਂ ਵਿੱਚ ਵਸੀਆਂ ਹੋਈਆਂ ਹਨ । ਸਿਖ ਕੌਮ ਉਹਨਾਂ ਦਾ ਜੀਅ ਜਾਨ ਨਾਲ ਸਤਿਕਾਰ ਕਰਦੀ ਹੈ ਅਤੇ ਕਰਦੀ ਰਹੇਗੀ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਖਤ ਲਹਿਜੇ ਵਿੱਚ ਆਖਿਆ ਗਿਆ ਕਿ ਥਾਂ ਥਾਂ ਤੇ ਪੈਸੇ ਖਾਤਰ ਵਿਕਣ ਵਾਲੀ ਐ !! ਨਾਚਾਰ ਕੰਗਣਾ ਤੈਨੂੰ ਇੰਦਰਾ ਗਾਂਧੀ ਬਣਨ ਦਾ ਇੰਨਾ ਹੀ ਸ਼ੌਂਕ ਜਾਗਿਆ ਹੈ ,ਕਿਤੇ ਆਪਣਾ ਹਸ਼ਰ ਵੀ ਪਾਪਣ ਇੰਦਰਾ ਗਾਂਧੀ ਵਰਗਾ ਨਾ ਕਰਵਾ ਬੈਠੀਂ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਮਹਿਸੂਸ ਕੀਤਾ ਗਿਆ ਕਿ ਉੱਚੇ ਸੁੱਚੇ ਸਿੱਖ ਅਕਸ ਤੇ ਜਾਣਬੁੱਝ ਹਿੰਦੂਤਵੀ ਲਾਬੀ ਅਜਿਹੇ ਹਮਲੇ ਕਰਵਾਏ ਰਹੀ ਹੈ ਜਿਹਨਾਂ ਦਾ ਡੱਟ ਕੇ ਵਿਰੋਧ ਕਰਨ ਦੀ ਜਰੂਰਤ ਹੈ । ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ ਇਸ ਫਿਰਕਾਪ੍ਰਸਤ ਫਿਲਮ ਦਾ ਜਬਰਦਸਤ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਹੈ। ਭਾਰਤ ਵਿੱਚ ਸੈਂਸਰ ਬੋਰਡ ਵੀ ਪੂਰੀ ਤਰਾਂ ਭਗਵੇਂਕਰਨ ਦਾ ਸ਼ਿਕਾਰ ਹੋ ਚੁੱਕਾ ਹੈ ।ਇਸੇ ਕਰਕੇ ਸਹੀ ਅਰਥਾਂ ਸਿੱਖ ਪੱਖੀ ਹਰ ਫਿਲਮ ਤੇ ਕੱਟ ਲਗਾਏ ਜਾਂਦੇ ਹਨ,ਉਹਨਾਂ ਨੂੰ ਫੇਲ੍ਹ ਕਰ ਦਿੱਤਾ ਜਾਂਦਾ ਹੈ ਪਰ ਇਸ ਦੇ ਉਲਟ ਸਿੱਖ ਵਿਰੋਧੀ ਫਿਲਮਾਂ ਨੂੰ ਫਟਾ ਫਟਾ ਪਾਸ ਕਰ ਦਿੱਤਾ ਜਾਂਦਾ ਹੈ । ਜਿਕਰਯੋਗ ਹੈ ਅਜੇ ਕੁਝ ਮਹੀਨੇ ਪਹਿਲਾਂ ਸਿੱਖ ਸੰਘਰਸ਼ ਦੇ ਵਿਰੋਧ ਵਿੱਚ ਅਮਰ ਚਮਕੀਲਾ ਨਾਮ ਦੀ ਫਿਲਮ ਇਸੇ ਸੈਂਸਰ ਬੋਰਡ ਵਲੋਂ ਪਾਸ ਕੀਤੀ ਗਈ ਸੀ । ਤਾਂ ਕਾ ਸਿੱਖ ਸੰਘਰਸ਼ ਅਤੇ ਸੰਘਰਸ਼ ਦੇ ਜੁਝਾਰੂਆਂ ਦਾ ਗਲਤ ਪ੍ਰਭਾਵ ਪ੍ਰਚਾਰਿਆ ਜਾ ਸਕੇ ।ਜਦਕਿ ਅਮਰ ਚਮਕੀਲੇ ਸਮੇਤ ਸਮੁੱਚੇ ਐਕਸ਼ਨ ਕਰਨ ਵਾਲੇ ਸਮੂਹ ਜੁਝਾਰੂ ਸਿੱਖ ਕੌਮ ਦਾ ਮਾਣ ਹਨ ਅਤੇ ਕੌਮੀ ਯੋਧੇ ,ਕੌਮੀ ਨਾਇਕ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਆਖਿਆ ਰਹੀ ਵਿਵਾਦਤ ਫਿਲਮ " ਐਮਰਜੈਂਸੀ " ਦਾ ਸਖਤ ਵਿਰੋਧ ਕਰਦਿਆਂ ਕੰਗਣਾ ਰਣੌਤ ਸਮੇਤ ਇਸ ਫਿਲਮ ਵਿੱਚ ਐਕਟਿੰਗ ਕਰਨ ਵਾਲਿਆਂ ਦੀ ਸਖਤ ਨਿਖੇਧੀ ਕੀਤੀ ਗਈ ਹੈ ।




★ ਵਰ੍ਹੇਗੰਢ ਮੁਬਾਰਕ ★





ਭਾਰਤ ਅਤੇ ਮੇਘਾ ਨੂੰ ਤੀਸਰੇ ਵਿਆਹ ਵਰ੍ਹੇਗੰਢ ਦੀਆਂ ਸ਼ੁਭ ਕਾਮਨਾਵਾਂ।

ਆਵਾਜ਼ਿ ਕੌਮ AWAZE QAUM International Newspaper & WEB TV


# ਖਾਲਸਾ ਸਕੂਲ ਦੇ ਵਿਦਿਆਰਥੀਆਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ





ਫ਼ਿਰੋਜ਼ਪੁਰ, 17 ਸਤੰਬਰ (ਮਨੋਹਰ ਲਾਲ) :— ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਲਏ ਜਾਂਦੇ ਸਲਾਨਾ ਇਮਤਿਹਾਨ ਵਿੱਚ ਵੱਧ—ਚੜ ਕੇ ਭਾਗ ਲਿਆ। ਇਸ ਇਮਤਿਹਾਨ ਵਿਚ ਲਗਭਗ 70 ਫੀਸਦੀ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਇਸ ਦਾ ਨਤੀਜਾ ਸ਼੍ਰੋਮਣੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ, ਜਿਸ ਵਿੱਚ ਖਾਲਸਾ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ ਅਤੇ ਚੰਗੇ ਨੰਬਰ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ, ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜਰ ਸੀ।

# ਬਲਾਕ ਪੱਧਰੀ ਸਾਇੰਸ ਸੈਮਿਨਾਰ 2024 ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ

## ਬਲਾਕ ਫਿਰੋਜਪਰ ਨਾਲ ਸੰਬੰਧਿਤ ਦੱਸ ਟੀਮਾਂ ਨੇ ਬਣਾਉਟੀ ਬੁੱਧੀ ਵਿਸ਼ੇ ਤੇ ਆਪਣੇ ਪ੍ਰੋਜੈਕਟ ਪੇਸ਼ ਕੀਤੇ







ਫ਼ਿਰੋਜ਼ਪੁਰ, 17 ਸਤੰਬਰ (ਮਨੋਹਰ ਲਾਲ) :— ਮਿਨੀਸਟਰੀ ਆਵ ਕਲਚਰ ਭਾਰਤ ਸਰਕਾਰ, ਨੈਸ਼ਨਲ ਕਾਉਂਸਿਲ ਆਫ ਸਾਇੰਸ ਮੁਉਜਿਅਮ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨਿਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿੰਦਰ ਸਿੰਘ, ਡੀ.ਆਰ.ਸੀ ਸੁਮਿਤ ਗਲਹੋਤਰਾ ਦੀ ਆਗਵਾਈ ਵਿੱਚ ਜ਼ਿਲ੍ਹੇ ਦੇ 11 ਬਲਾਕਾਂ ਵਿੱਚ ਸਾਇੰਸ ਸੈਮਿਨਾਰ ਆਯੋਜਿਤ ਕੀਤੇ ਗਏ। ਇਸ ਮੌਕੇ ਡੀ.ਆਰ.ਸੀ ਸੁਮਿਤ ਗਲਹੋਤਰਾ ਨੇ ਦੱਸਿਆ ਕਿ ਇਸੇ ਲੜੀ ਵਿੱਚ ਅੱਜ ਸਰਕਾਰੀ ਸੀਨਿਅਰ ਸੈਕੰਡਰੀ ਸਕੂਲ ਲੜਕੇ ਵਿੱਚ ਵਿਚ ਬੀ.ਐਨ.ਓ ਰਾਜੇਸ਼ ਮਹਿਤਾ, ਪ੍ਰਿ. ਜਗਦੀਪ ਪਾਲ ਸਿੰਘ ਦੀ ਦੇਖ—ਰੇਖ ਵਿੱਚ ਫਿਰੋਜਪੁਰ—1 ਦਾ ਸਾਇੰਸ ਸੈਮਿਨਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਬਲਾਕ ਦੀਆਂ ਦਸ ਟੀਮਾਂ ਨੇ ਆਰਟੀਫਿਸ਼ਲ ਇਨਟੈਲੀਜੈਂਸ ਵਿਸ਼ੇ ਤੇ ਸਭੰਵਾਨਾਵਾਂ ਅਤੇ ਚੁਣੌਤੀਆਂ ਬਾਰੇ ਵਿਚਾਰ ਪੇਸ਼ ਕੀਤੇ। ਬੀ.ਆਰ.ਸੀ ਕਮਲ ਸ਼ਰਮਾ ਅਤੇ ਗੌਰਵ ਤ੍ਰਿਖਾ ਨੇ ਆਪਣੇ—ਆਪਣੇ ਸੰਬੋਧਨ ਵਿਚ ਦੱਸਿਆ ਕਿ ਕਿਵੇਂ ਏ.ਆਈ ਨੇ ਸਾਡਾ ਜੀਵਨ ਸੋਖਾਲਾ ਕੀਤਾ ਹੈ ਪਰ ਤਕਨੀਕੀ ਦੀ ਜਿਆਦਾ ਵਰਤੋਂ ਕਿਵੇਂ ਸਾਰੀ ਮਨੁੱਖਤਾ ਲਈ ਹਾਣੀਕਾਰਕ ਹੈ। ਇਨ੍ਹਾਂ ਮੁਕਾਬਿਆਂ ਵਿੱਚ ਸਰਕਾਰੀ ਹਾਈ ਸਕੂਲ ਤੂਤ ਦੀ ਵਿਦਿਆਰਥਣ ਸਿਮਰਨ ਕੌਰ ਗਾਇਡ ਅਧਿਆਪਕ ਦਿਨੇਸ਼ ਚੌਹਾਨ ਨੇ ਪਹਿਲਾ, ਸਰਕਾਰੀ ਹਾਈ ਸਕੂਲ ਦੀ ਵਿਦਿਆਰਥਣ ਮਨਜੋਤ ਕੌਰ ਗਾਇਡ ਅਧਿਆਪਕ ਅਸ਼ਵਨੀ ਸ਼ਰਮਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਸੇਠਾਂ ਤੋਂ ਖ਼ੁਸ਼ੀ ਗਾਇਡ ਅਧਿਆਪਕ ਪੰਕਜ ਨੇ ਦੂਜਾ ਸਥਾਨ, ਸਰਕਾਰੀ ਆਦਰਸ਼ ਸਕੂਲ ਬੁਕਣ ਖਾ ਵਾਲਾ ਤੋਂ ਸਿਮਰਨਜੀਤ ਕੌਰ ਗਾਇਡ ਜਸਪ੍ਰੀਤ ਕੌਰ ਅਤੇ ਸਰਕਾਰੀ ਹਾਈ ਸਕੂਲ ਸਾਇਆਂ ਵਾਲਾ ਤੋਂ ਜਸਮੀਨ ਕੌਰ ਗਾਈਡ ਵਨਿਤਾ ਬਜਾਜ ਨੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਫਿਜਿਕਸ ਲੈਕਚਰਰ ਰਜੇਸ਼ ਗਰੋਵਰ, ਸਾਇੰਸ ਮਾਸਟਰ ਜਸਬੀਰ ਸਿੰਘ ਤੂਤ ਅਤੇ ਕਪਿਊਟਰ ਫੈਕਲਟੀ ਕਵਿਤਾ ਬਤੌਰ ਜੱਜ ਭੂਮਿਕਾ ਨਿਭਾਈ, ਜਦੋਂ ਕਿ ਬਲਾਕ ਵਿੱਚ ਪਹਿਲੇ ਦੋ ਸਥਾਨਾਂ ਤੇ ਰਹਿਣ ਵਾਲੇ ਵਿੱਦਿਆਰਥੀ ਜਿਲੇ ਪੱਧਰ ਤੇ ਬਲਾਕ ਦਾ ਪ੍ਰਤੀਨਿਧਵ ਕਰਣਗੇ।


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਧੰਨ-ਧੰਨ ਸ਼੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੋਤੀ ਜੋਤ
ਅਤੇ ਧੰਨ-ਧੰਨ ਗੁਰੂ ਰਾਮ ਦਾਸ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ
450 ਸਾਲਾ ਮਹਾਨ ਸ਼ਤਾਬਦੀ ਸਮਾਗਮ
ਗੁਰਦੁਆਰਾ ਸਾਹਿਬ ਪਾਤਸ਼ਾਹੀ 6ਵੀਂ ਕੁਰੂਕਸ਼ੇਤਰ ਵਿਖੇ
ਮਿਤੀ 18 ਸਤੰਬਰ 2024, ਬੁੱਧਵਾਰ
ਸਮਾਂ ਸ਼ਾਮ 6 ਤੋਂ 10 ਵਜੇ ਤੱਕ
ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਸਾਹਿਬ ਪਾ.7ਵੀਂ
ਕੁਰੂਕਸ਼ੇਤਰ ਵਿਖੇ ਸਵੇਰੇ 9 ਵਜੇ ਪਾਏ ਜਾਣਗੇ
ਪੁੱਜ ਰਹੇ ਮਹਾਨ ਕੀਰਤਨੀ ਜੱਥੇ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ,
ਹਰਿਆਣਾ ਸਿੱਖ ਗੁ. ਪ੍ਰ. ਕਮੇਟੀ
ਭਾਈ ਜਗਜੀਤ ਸਿੰਘ ਜੀ
ਮੁੱਖ ਗ੍ਰੰਥੀ ਗੁ. ਨਾਢਾ ਸਾਹਿਬ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ,
ਹਰਿਆਣਾ ਸਿੱਖ ਗੁ. ਪ੍ਰ. ਕਮੇਟੀ
ਬੇਨਤੀ ਕਰਤਾ- ਸਕੱਤਰ ਧਰਮ ਪ੍ਰਚਾਰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਕੁਰੂਕਸ਼ੇਤਰ


Canada Tour
ਗਿਆਨੀ ਬਲਵਿੰਦਰ ਸਿੰਘ ਜੀ ਰੋਡੇ
ਹੈੱਡ ਗ੍ਰੰਥੀ ਗੁ: ਸੰਤ ਖ਼ਾਲਸਾ ਜਨਮ ਅਸਥਾਨ
(ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ)
ਪਿੰਡ ਰੋਡੇ (ਮੋਗਾ)
-: ਕਥਾ :-
16 ਸਤੰਬਰ ਤੋਂ 29 ਸਤੰਬਰ ਤੱਕ
ਸਮਾਂ:- 7:15 ਤੋਂ 8:15 ਸ਼ਾਮ ਵਜੇ ਤੱਕ
ਐਤਵਾਰ 11:15 ਤੋਂ 12:15 ਵਜੇ ਦੁਪਹਿਰ
M. 97815-52538
ਗੁਰਦੁਆਰਾ ਸਾਹਿਬ ਸਿੱਖ ਸੋਸਾਇਟੀ ਆਫ ਮੈਨੀਟੋਬਾ (ਵਿੰਨੀਪੈਗ)


Protest
ਮਾਲਵਿੰਦਰ ਸਿੰਘ ਮਾਲੀ
ਦੀ ਗ੍ਰਿਫ਼ਤਾਰੀ ਖਿਲਾਫ਼
ਸੈਕਟਰ 17 ਪਲਾਜ਼ਾ ਚੰਡੀਗੜ੍ਹ
ਆਵਾਜ਼ਿ ਕੌਮ AWAZE QAUM International Newspaper & WEB TV
18 ਸਤੰਬਰ
ਰਿਹਾਅ ਕਰੋ ਤੇ ਕੇਸ ਵਾਪਸ ਲਉ
ਸ਼ਾਮ 5 ਵਜੇ ਪਹੁੰਚੋ
ਸੱਦਾ- ਵੱਲੋਂ ਡਾ. ਪਿਆਰਾ ਲਾਲ ਗਰਗ, ਪ੍ਰੋ. ਮਨਜੀਤ ਸਿੰਘ ਤੇ ਸਮੂਹ ਜ਼ਬਰ ਵਿਰੋਧੀ ਲੋਕ




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243